# ਧਾਰਮਿਕ ਗਿਆਨ

ਜਮਾਤ- ਛੇਵੀਂ

ਜੇ ਸਾਡਾ ਮਨ ਤਕੜਾ ਹੋਵੇਗਾ,

ਤਾਂ ਹੀ ਅਸੀਂ ਦੇਸ਼ ਦੀ

ਰਖਵਾਲੀ ਕਰ ਸਕਾਂਗੇ।

ਹੁਕਮ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

# ਧਾਰਮਿਕ ਗਿਆਨ

## ਜਮਾਤ- ਛੇਵੀਂ

## ਨਾਮਧਾਰੀ ਦਰਬਾਰ
## ਸ੍ਰੀ ਭੈਣੀ ਸਾਹਿਬ

ਪਹਿਲੀ ਵਾਰ- 2019
ਗਿਣਤੀ- 500

ਕੀਮਤ : 100/-

ਛਾਪਕ :

ਪ੍ਰਕਾਸ਼ਕ :
ਨਾਮਧਾਰੀ ਦਰਬਾਰ
ਗੁਰਦੁਆਰਾ ਸ੍ਰੀ ਭੈਣੀ ਸਾਹਿਬ
ਲੁਧਿਆਣਾ, ਪੰਜਾਬ-141126

# ਦੋ ਸ਼ਬਦ

ਇਹ ਪਾਠ ਪੁਸਤਕਾਂ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਤਿਆਰ ਕੀਤੀਆਂ ਗਈਆਂ ਹਨ। ਇਸ ਪਿੱਛੇ ਮਨੋਰਥ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸ਼ੁਭ ਅਮਲਾਂ ਨਾਲ ਜੋੜਨਾ ਹੈ।

ਇਨ੍ਹਾਂ ਪਾਠ ਪੁਸਤਕਾਂ ਲਈ ਕੋਈ ਜ਼ਰੂਰੀ ਸੁਝਾਅ ਹੋਵੇ ਤਾਂ ਅਗਲੇ ਐਡੀਸ਼ਨ ਲਈ ਉਹਨਾਂ ਦਾ ਸੁਆਗਤ ਹੋਵੇਗਾ।

ਪ੍ਰਿੰ. ਸਤਵੰਤ ਕੌਰ

ਸੰਪ: 92125-94349

.............................

# ਤਤਕਰਾ



# ਸ੍ਰੀ ਸਤਿਗੁਰੂ ਨਾਨਕ ਦੇਵ ਜੀ
# ਅਤੇ
# ਭਾਈ ਮਰਦਾਨਾ ਜੀ

# ਜਪੁਜੀ ਸਾਹਿਬ

ੴ

ਸਤਿਨਾਮੁ ਕਰਤਾ ਪੁਰਖੁ

ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ

ਗੁਰ ਪ੍ਰਸਾਦਿ ॥

॥ ਜਪੁ ॥

ਆਦਿ ਸਚੁ ਜੁਗਾਦਿ ਸਚੁ ॥

ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥

ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥

ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥
ਗਾਵੈ ਕੋ ਦਾਤਿ ਜਾਣੈ ਨੀਸਾਣੁ ॥
ਗਾਵੈ ਕੋ ਗੁਣ ਵਡਿਆਈਆ ਚਾਰ ॥
ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥
ਗਾਵੈ ਕੋ ਸਾਜਿ ਕਰੇ ਤਨੁ ਖੇਹ ॥
ਗਾਵੈ ਕੋ ਜੀਅ ਲੈ ਫਿਰਿ ਦੇਹ ॥
ਗਾਵੈ ਕੋ ਜਾਪੈ ਦਿਸੈ ਦੂਰਿ ।
ਗਾਵੈ ਕੋ ਵੇਖੈ ਹਾਦਰਾ ਹਦੂਰਿ ॥
ਕਥਨਾ ਕਥੀ ਨ ਆਵੈ ਤੋਟਿ ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥
ਦੇਦਾ ਦੇ ਲੈਦੇ ਥਕਿ ਪਾਹਿ ॥
ਜੁਗਾ ਜੁਗੰਤਰਿ ਖਾਹੀ ਖਾਹਿ ॥
ਹੁਕਮੀ ਹੁਕਮੁ ਚਲਾਏ ਰਾਹੁ ॥
ਨਾਨਕ ਵਿਗਸੈ ਵੇਪਰਵਾਹੁ ॥੩॥

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥
ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥

ਥਾਪਿਆ ਨ ਜਾਇ ਕੀਤਾ ਨ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥
ਨਾਨਕ ਗਾਵੀਐ ਗੁਣੀ ਨਿਧਾਨੁ ॥
ਗਾਵੀਐ ਸੁਣੀਐ ਮਨਿ ਰਖੀਐ ਭਾਉ ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥
ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥
ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥
ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥

ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥
ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥
ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇੱਕ ਗੁਰ ਕੀ ਸਿਖ ਸੁਣੀ॥
ਗੁਰਾ ਇਕ ਦੇਹਿ ਬੁਝਾਈ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ੬॥

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥
ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥
ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥
ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥
ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥
ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥੭॥

ਸੁਣਿਐ ਦੀਪ ਲੋਅ ਪਾਤਾਲ॥ ਸੁਣਿਐ ਪੋਹਿ ਨ ਸਕੈ ਕਾਲੁ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੮॥

ਸੁਣਿਐ ਈਸਰੁ ਬਰਮਾ ਇੰਦੁ॥ ਸੁਣਿਐ ਮੁਖਿ ਸਾਲਾਹਣ ਮੰਦੁ॥
ਸੁਣਿਐ ਜੋਗ ਜੁਗਤਿ ਤਨਿ ਭੇਦ॥ ਸੁਣਿਐ ਸਾਸਤ ਸਿਮ੍ਰਿਤਿ ਵੇਦ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੯॥

ਸੁਣਿਐ ਸਤੁ ਸੰਤੋਖੁ ਗਿਆਨੁ॥ ਸੁਣਿਐ ਅਠਸਠਿ ਕਾ ਇਸਨਾਨੁ॥
ਸੁਣਿਐ ਪੜਿ ਪੜਿ ਪਾਵਹਿ ਮਾਨੁ॥ ਸੁਣਿਐ ਲਾਗੈ ਸਹਜਿ ਧਿਆਨੁ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੧੦॥

ਸੁਣਿਐ ਸਰਾ ਗੁਣਾ ਕੇ ਗਾਹ॥ ਸੁਣਿਐ ਸੇਖ ਪੀਰ ਪਾਤਿਸਾਹ॥
ਸੁਣਿਐ ਅੰਧੇ ਪਾਵਹਿ ਰਾਹੁ॥ ਸੁਣਿਐ ਹਾਥ ਹੋਵੈ ਅਸਗਾਹੁ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੧੧॥

ਮੰਨੇ ਕੀ ਗਤਿ ਕਹੀ ਨ ਜਾਇ॥ ਜੇ ਕੋ ਕਹੈ ਪਿਛੈ ਪਛੁਤਾਇ॥
ਕਾਗਦਿ ਕਲਮ ਨ ਲਿਖਣਹਾਰੁ॥ ਮੰਨੇ ਕਾ ਬਹਿ ਕਰਨਿ ਵੀਚਾਰੁ॥
ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੨॥

ਮੰਨੈ ਸੁਰਤਿ ਹੋਵੈ ਮਨਿ ਬੁਧਿ॥ ਮੰਨੈ ਸਗਲ ਭਵਣ ਕੀ ਸੁਧਿ॥
ਮੰਨੈ ਮੁਹਿ ਚੋਟਾ ਨਾ ਖਾਇ॥ ਮੰਨੈ ਜਮ ਕੈ ਸਾਥਿ ਨ ਜਾਇ॥
ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੩॥

ਮੰਨੈ ਮਾਰਗਿ ਠਾਕ ਨ ਪਾਇ॥ ਮੰਨੈ ਪਤਿ ਸਿਉ ਪਰਗਟੁ ਜਾਇ॥
ਮੰਨੈ ਮਗੁ ਨ ਚਲੈ ਪੰਥੁ॥ ਮੰਨੈ ਧਰਮ ਸੇਤੀ ਸਨਬੰਧੁ॥
ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੪॥

ਮੰਨੈ ਪਾਵਹਿ ਮੋਖੁ ਦੁਆਰੁ॥ ਮੰਨੈ ਪਰਵਾਰੈ ਸਾਧਾਰੁ॥
ਮੰਨੈ ਤਰੈ ਤਾਰੇ ਗੁਰੁ ਸਿਖ॥ ਮੰਨੈ ਨਾਨਕ ਭਵਹਿ ਨ ਭਿਖ॥
ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੫॥

ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥
ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥
ਜੇ ਕੋ ਕਹੈ ਕਰੈ ਵੀਚਾਰੁ॥ ਕਰਤੇ ਕੈ ਕਰਣੈ ਨਾਹੀ ਸੁਮਾਰੁ॥
ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥
ਜੇ ਕੋ ਬੁਝੈ ਹੋਵੈ ਸਚਿਆਰੁ॥ ਧਵਲੈ ਉਪਰਿ ਕੇਤਾ ਭਾਰੁ॥
ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ॥
ਜੀਅ ਜਾਤਿ ਰੰਗਾ ਕੇ ਨਾਵ॥ ਸਭਨਾ ਲਿਖਿਆ ਵੁੜੀ ਕਲਾਮ॥
ਏਹੁ ਲੇਖਾ ਲਿਖਿ ਜਾਣੈ ਕੋਇ॥ ਲੇਖਾ ਲਿਖਿਆ ਕੇਤਾ ਹੋਇ॥
ਕੇਤਾ ਤਾਣੁ ਸੁਆਲਿਹੁ ਰੂਪੁ॥ ਕੇਤੀ ਦਾਤਿ ਜਾਣੈ ਕੌਣੁ ਕੂਤੁ॥
ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥
ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥੧੬॥

ਅਸੰਖ ਜਪ ਅਸੰਖ ਭਾਉ॥ ਅਸੰਖ ਪੂਜਾ ਅਸੰਖ ਤਪ ਤਾਉ॥
ਅਸੰਖ ਗਰੰਥ ਮੁਖਿ ਵੇਦ ਪਾਠ॥ ਅਸੰਖ ਜੋਗ ਮਨਿ ਰਹਹਿ ਉਦਾਸ॥
ਅਸੰਖ ਭਗਤ ਗੁਣ ਗਿਆਨ ਵੀਚਾਰ॥ ਅਸੰਖ ਸਤੀ ਅਸੰਖ ਦਾਤਾਰ॥
ਅਸੰਖ ਸੂਰ ਮੁਹ ਭਖ ਸਾਰ॥ ਅਸੰਖ ਮੋਨਿ ਲਿਵ ਲਾਇ ਤਾਰ॥
ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥ ੧੭॥

ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮਖੋਰ॥
ਅਸੰਖ ਅਮਰ ਕਰਿ ਜਾਹਿ ਜੋਰ॥ ਅਸੰਖ ਗਲਵਢ ਹਤਿਆ ਕਮਾਹਿ॥
ਅਸੰਖ ਪਾਪੀ ਪਾਪੁ ਕਰਿ ਜਾਹਿ॥ ਅਸੰਖ ਕੂੜਿਆਰ ਕੂੜੇ ਫਿਰਾਹਿ॥
ਅਸੰਖ ਮਲੇਛ ਮਲੁ ਭਖਿ ਖਾਹਿ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ॥

ਨਾਨਕੁ ਨੀਚੁ ਕਹੈ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥੧੮॥

ਅਸੰਖ ਨਾਵ ਅਸੰਖ ਥਾਵ॥ ਅਗੰਮ ਅਗੰਮ ਅਸੰਖ ਲੋਅ॥
ਅਸੰਖ ਕਹਹਿ ਸਿਰਿ ਭਾਰੁ ਹੋਇ॥ ਅਖਰੀ ਨਾਮੁ ਅਖਰੀ ਸਾਲਾਹ॥
ਅਖਰੀ ਗਿਆਨੁ ਗੀਤ ਗੁਣ ਗਾਹ॥ ਅਖਰੀ ਲਿਖਣੁ ਬੋਲਣੁ ਬਾਣਿ॥
ਅਖਰਾ ਸਿਰਿ ਸੰਜੋਗੁ ਵਖਾਣਿ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥
ਜਿਵ ਫੁਰਮਾਏ ਤਿਵ ਤਿਵ ਪਾਹਿ॥ ਜੇਤਾ ਕੀਤਾ ਤੇਤਾ ਨਾਉ॥
ਵਿਣੁ ਨਾਵੈ ਨਾਹੀ ਕੋ ਥਾਉ॥ ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥ ੧੯॥

ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥
ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥
ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥
ਪੁੰਨੀ ਪਾਪੀ ਆਖਣੁ ਨਾਹਿ॥
ਕਰਿ ਕਰਿ ਕਰਣਾ ਲਿਖਿ ਲੈ ਜਾਹੁ॥ ਆਪੇ ਬੀਜਿ ਆਪੇ ਹੀ ਖਾਹੁ॥
ਨਾਨਕ ਹੁਕਮੀ ਆਵਹੁ ਜਾਹੁ॥ ੨੦॥

ਤੀਰਥੁ ਤਪੁ ਦਇਆ ਦਤੁ ਦਾਨੁ॥ ਜੇ ਕੋ ਪਾਵੈ ਤਿਲ ਕਾ ਮਾਨੁ॥
ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ ਮਲਿ ਨਾਉ॥
ਸਭਿ ਗੁਣ ਤੇਰੇ ਮੈ ਨਾਹੀ ਕੋਇ॥ ਵਿਣੁ ਗੁਣ ਕੀਤੇ ਭਗਤਿ ਨ ਹੋਇ॥
ਸੁਅਸਤਿ ਆਥਿ ਬਾਣੀ ਬਰਮਾਉ॥ ਸਤਿ ਸੁਹਾਣੁ ਸਦਾ ਮਨਿ ਚਾਉ॥
ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥
ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ॥
ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ॥
ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ॥
ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ॥੨੧॥

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥੨੨॥

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥
ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥
ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ॥
ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥੨੩॥

ਅੰਤੁ ਨ ਸਿਫਤੀ ਕਹਣਿ ਨ ਅੰਤੁ॥ ਅੰਤੁ ਨ ਕਰਣੈ ਦੇਣਿ ਨ ਅੰਤੁ॥
ਅੰਤੁ ਨ ਵੇਖਣਿ ਸੁਣਣਿ ਨ ਅੰਤੁ॥ ਅੰਤੁ ਨ ਜਾਪੈ ਕਿਆ ਮਨਿ ਮੰਤੁ॥
ਅੰਤੁ ਨ ਜਾਪੈ ਕੀਤਾ ਆਕਾਰੁ॥ ਅੰਤੁ ਨ ਜਾਪੈ ਪਾਰਾਵਾਰੁ॥
ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥
ਏਹੁ ਅੰਤੁ ਨ ਜਾਣੈ ਕੋਇ॥ ਬਹੁਤਾ ਕਹੀਐ ਬਹੁਤਾ ਹੋਇ॥
ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥
ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥
ਜੇਵਡੁ ਆਪਿ ਜਾਣੈ ਆਪਿ ਆਪਿ॥ ਨਾਨਕ ਨਦਰੀ ਕਰਮੀ ਦਾਤਿ॥੨੪॥

ਬਹੁਤਾ ਕਰਮੁ ਲਿਖਿਆ ਨਾ ਜਾਇ॥ ਵਡਾ ਦਾਤਾ ਤਿਲੁ ਨ ਤਮਾਇ॥
ਕੇਤੇ ਮੰਗਹਿ ਜੋਧ ਅਪਾਰ॥ ਕੇਤਿਆ ਗਣਤ ਨਹੀ ਵੀਚਾਰੁ॥
ਕੇਤੇ ਖਪਿ ਤੁਟਹਿ ਵੇਕਾਰ ॥
ਕੇਤੇ ਲੈ ਲੈ ਮੁਕਰੁ ਪਾਹਿ॥ ਕੇਤੇ ਮੂਰਖ ਖਾਹੀ ਖਾਹਿ॥
ਕੇਤਿਆ ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ॥
ਬੰਦਿ ਖਲਾਸੀ ਭਾਣੈ ਹੋਇ॥ ਹੋਰੁ ਆਖਿ ਨ ਸਕੈ ਕੋਇ॥
ਜੇ ਕੋ ਖਾਇਕੁ ਆਖਣਿ ਪਾਇ॥ ਓਹੁ ਜਾਣੈ ਜੇਤੀਆ ਮੁਹਿ ਖਾਇ॥
ਆਪੇ ਜਾਣੈ ਆਪੇ ਦੇਇ॥ ਆਖਹਿ ਸਿ ਭਿ ਕੇਈ ਕੇਇ॥
ਜਿਸ ਨੋ ਬਖਸੇ ਸਿਫਤਿ ਸਾਲਾਹ॥
ਨਾਨਕ ਪਾਤਿ ਸਾਹੀ ਪਾਤਿਸਾਹੁ॥੨੫॥

ਅਮੁਲ ਗੁਣ ਅਮੁਲ ਵਾਪਾਰ॥ ਅਮੁਲ ਵਾਪਾਰੀਏ ਅਮੁਲ ਭੰਡਾਰ॥
ਅਮੁਲ ਆਵਹਿ ਅਮੁਲ ਲੈ ਜਾਹਿ॥ ਅਮੁਲ ਭਾਇ ਅਮੁਲਾ ਸਮਾਹਿ॥
ਅਮੁਲੁ ਧਰਮੁ ਅਮੁਲੁ ਦੀਬਾਣੁ॥ ਅਮੁਲੁ ਤੁਲੁ ਅਮੁਲੁ ਪਰਵਾਣੁ॥
ਅਮੁਲੁ ਬਖਸੀਸ ਅਮੁਲੁ ਨੀਸਾਣੁ॥ ਅਮੁਲੁ ਕਰਮੁ ਅਮੁਲੁ ਫੁਰਮਾਣੁ॥
ਅਮੁਲੋ ਅਮੁਲੁ ਆਖਿਆ ਨ ਜਾਇ॥ ਆਖਿ ਆਖਿ ਰਹੇ ਲਿਵ ਲਾਇ॥
ਆਖਹਿ ਵੇਦ ਪਾਠ ਪੁਰਾਣ॥ ਆਖਹਿ ਪੜੇ ਕਰਹਿ ਵਖਿਆਣ॥
ਆਖਹਿ ਬਰਮੇ ਆਖਹਿ ਇੰਦ॥ ਆਖਹਿ ਗੋਪੀ ਤੈ ਗੋਵਿੰਦ॥
ਆਖਹਿ ਈਸਰ ਆਖਹਿ ਸਿਧ॥ ਆਖਹਿ ਕੇਤੇ ਕੀਤੇ ਬੁਧ॥
ਆਖਹਿ ਦਾਨਵ ਆਖਹਿ ਦੇਵ॥ ਆਖਹਿ ਸੁਰਿ ਨਰ ਮੁਨਿ ਜਨ ਸੇਵ॥
ਕੇਤੇ ਆਖਹਿ ਆਖਣਿ ਪਾਹਿ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ॥
ਏਤੇ ਕੀਤੇ ਹੋਰਿ ਕਰੇਹਿ॥ ਤਾ ਆਖਿ ਨ ਸਕਹਿ ਕੇਈ ਕੇਇ॥
ਜੇਵਡੁ ਭਾਵੈ ਤੇਵਡੁ ਹੋਇ॥ ਨਾਨਕ ਜਾਣੈ ਸਾਚਾ ਸੋਇ॥
ਜੇ ਕੋ ਆਖੈ ਬੋਲੁਵਿਗਾੜੁ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥
ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥

ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥
ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ॥
ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ॥
ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ॥
ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ॥
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥
ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ॥
ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥
ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥੨੭॥

# ਰਹਿਤਨਾਮਾ

## ਪਾਤਸ਼ਾਹੀ ੧੨

ੴ ਸਤਿਗੁਰ ਪ੍ਰਸਾਦਿ ॥

ਲਿਖਤੁਮ ਰਾਮ ਸਿੰਘ, ਹੋਰ ਸੰਬੂਹ ਖਾਲਸਾ ਜੀ ਭੈਣੀ ਦਾ, ਸੰਬੂਹ ਖਾਲਸੇ ਜੀ ਕੋ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ ਜੀ।

ਹੋਰੁ ਰਹਿਤਨਾਮਾ ਸੰਬੂਹ ਸੰਗਤ ਦੇ ਵਾਸਤੇ ਲਿਖਿਆ ਭੈਣੀ ਤੇ। ਪਿਛਲੀ ਰਾਤ ਉਠ ਕੇ ਗੜਵਾ ਲਜਾਇ ਕਰ ਮਦਾਨੇ ਹੋਇ ਔਣਾ। ਦੋ ਵਾਰੀ ਗੜਵਾ ਮਾਜਨਾ। ਮਦਾਨ ਬਸਤ੍ਰ ਲਾਹਿ ਕੇ ਜਾਨਾ, ਦਾਤਨ ਕਰਨੀ, ਫੇਰ ਇਸ਼ਨਾਨੁ ਕਰਨਾ। ਬਾਣੀ ਪੜਨੀ, ਜੇ ਕੰਠ ਨਾ ਹੋਵੇ ਤਾ ਕੰਠ ਕਰ ਲੈਣੀ ਸਰਬ ਮਾਈ ਬੀਬੀ ਸਰਬ ਬੁਢੇ ਬਾਲੇ ਨੇ। ਜਪੁ, ਜਾਪੁ, ਦੁਹਾ ਦੇ ਹਜਾਰੇ ਕੰਠ ਕਰਨੇ। ਰਹਿਰਾਸ, ਆਰਤੀ ਸੋਹਿਲਾ ਏਤਨੀ ਤਾ ਜਰੂਰ ਹੀ ਕੰਠ ਕਰਨੀ ਤੇ ਸੀਲ ਸੰਤੋਖੁ ਸਭ ਨੇ ਰਖਨਾ। ਭਜਨੁ ਅਠੇ ਪਹਰ ਕਰਨਾ ਗੁਰੂ ਸਚੇ ਦਾ।

ਹੋਰੁ ਪਰਾਈ ਧੀ ਭੈਣ ਆਪਣੀ ਜਾਨਣੀ। ਪਰਾਇਆ ਹਕੁ ਗੁਰੂ ਜੀ ਨੇ ਅਗੇ ਹੀ ਲਿਖ ਛਡਿਆ ਹੈ "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ"। ਜੋ ਕੋਈ ਭਜਨੁ ਪੁਛ ਕੇ ਨਾ ਕਰੂਗਾ ਉਸ ਦਾ ਮੂਹ ਦੁਹੀ ਜਹਾਨੀ ਕਾਲਾ ਹੋਊਗਾ। ਹੋਰੁ ਜੀ ਕਿਸੇ ਨੇ ਮੰਦਾ ਫਿਕਾ ਨਹੀਂ ਬੋਲਣਾ। ਖਿਮਾ ਕਰਨੀ, ਬੋਲੁ ਕੁਬੋਲੁ ਸਹਿ ਜਾਣਾ ਸਭ ਦਾ। ਜੋ ਕੋਈ ਮਾਰੇ ਕੁਛ, ਤਾ ਭੀ ਖਿਮਾ ਕਰਨੀ, ਤੁਸਾ ਦਾ ਰਛਕ ਗੁਰੂ ਹੈ ਹਰਿ ਬਖਤ । ਤੁਸੀ ਬਹੁਤ ਆਪਣੀ ਭਲਾਈ ਛਪਾਉਣ ਦੀ ਕਰਨੀ ਹਰਿ ਬਖਤ । ਦੁਵਾਨੁ ਲਾਉਣਾ, ਹਰ ਦਿਨ ਸਬਦੁ ਕੀਰਤਨੁ ਕਰਨਾ।

ਜੇ ਕਰ ਜਗ ਕਰਨਾ ਹੋਵੇ ਤਾ ਚੌਕਾ ਦੇਣਾ। ਭਾਡੇ ਕੋਰੇ ਲਿਆਉਣੇ। ਚੌਕੇ ਬਿਚ ਚਰਨ ਧੋਇ ਕੇ ਬੜਨਾ। ਅਰ ਹੋਮ ਬੀ ਕਰਨਾ। ਪਹਲੇ ਚੌਕਾ ਦੇਣਾ ਹੋਮ ਦੀ ਜਗਾ, ਲਕੜੀ ਹੋਮ ਵਿਚ ਪਲਾਹ ਦੀ ਪਾਉਣੀ ਜਾਂ ਬੇਰੀ ਦੀ ਪਾਉਣੀ। ਫੂਕ ਨਹੀ ਮਾਰਨੀ, ਹੋਮ ਦੀ ਅੱਗ ਨੂੰ ਪਖੀ ਨਾਲ ਝਲਣਾ। ਪੰਜ ਆਦਮੀ ਹੋਮ ਵਿਚ ਪੋਥੀਆਂ ਉਤੋ ਬਾਣੀ ਪੜਨੀ ਚਉਪਈ, ਜਪੁ, ਜਾਪੁ, ਚੰਡੀ ਚਰਿੱਤ੍ਰ, ਅਕਾਲ ਉਸਤਤ[1] ਛੇਵਾਂ ਆਦਮੀ[2] ਅਹੂਤੀਆਂ ਪਾਵੇ। ਸਤਵਾਂ[3] ਮਗਰੋ ਨਾਲ ਹੀ ਜਲ ਦਾ ਛਿਟਾ ਦੇਵੇ ਥੋੜਾ ਥੋੜਾ। ਜੇ ਕੋਈ ਮੰਦਾ ਕਰਮੁ ਕਰੇ ਜਾਰੀ ਚੋਰੀ ਤਾ ਕਿਸੇ ਹੀ ਥਾ ਦੁਵਾਨੁ ਬਿਚ ਨਹੀ ਬੜਨ ਦੇਣਾ। ਜੇ ਕਰ ਜੋਰਾਬਰ ਹੋਵੇ ਤਾਂ ਸਭਨਾਂ ਨੇ ਏਹੁ

ਅਰਦਾਸ ਕਰਨੀ ਜੀ ਏਹੁ ਆਦਮੀ ਏਥੇ ਆਉਣ ਜੋਗਾ ਈ ਨਾ ਰਹੇ।

ਹੋਰ ਜੀ ਮੇਰੀ ਮਤ ਬਹੁਤ ਥੋੜੀ ਹੈ ਤੁਸੀ ਆਪ ਹੀ ਸਭ ਕੁਛ ਸਮਝ ਲੈਣਾ ਜੀ। ਹੋਰੁ ਜੀ ਸਭ ਨੇ ਹਥ ਜੋੜਨੇ ਪਰਮੇਸਰ ਅਗੇ। ਜੋ ਹੇ ਮਹਾਰਾਜ! ਸਾਡਾ ਧਰਮੁ ਬਣਿਆ ਰਹੇ ਜੀ। ਹੋਰ ਕਛਾ ਰਖਣੀਆਂ, ਪਉਚਾ ਪਾਕੇ ਪਉਚਾ ਲਹੁਣਾ। ਹੋਰ ਜੀ, ਕਿਸੇ ਦਾ ਮੰਦਾ ਕਰਮ ਛਪਾਉਣਾ ਨਹੀ ਕਿਸੇ ਨੇ। ਹੋਰ ਜੀ, ਕਿਸੇ ਨੇ ਧੀ ਭੈਣ ਦਾ ਪੈਸਾ ਨਹੀ ਲੈਣਾ, ਬਟਾ ਨਹੀ ਕਰਨਾ। ਸਦਾ ਗੁਰੂ ਗੁਰੂ ਜਪਦੇ ਰਹਿਣਾ।

ਸਾਰੇ ਬਹੀਰ ਨੂੰ ਏਹੁ ਹੁਕਮ ਸੁਣਾਇ ਦੇਣਾ ਜੋ ਪੰਦਰਾ ਸੋਲਾ ਬਰਸ ਤੇ ਘਟ ਕੋਈ ਨਾ ਕੁੜੀ ਬਿਆਹੇ। ਦਾਰੂ ਮਾਸ ਨਹੀਂ ਖਾਣਾ ਪੀਣਾ। ਖੌਫ ਰਖਣਾ ਗੁਰੂ ਦਾ ਹਰਿ ਦਮ।

1 ਚੰਡੀ ਦੀ ਵਾਰ ਅਤੇ ਉਗ੍ਰਦੰਤੀ ਇਹ ਬਾਣੀਆਂ ਹਵਨ ਵਿੱਚ ਪੜ੍ਹਨ ਦਾ ਹੁਕਮ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਦਿੱਤਾ ਸੀ।

2, 3 (ਛੇਵਾਂ ਅਤੇ ਸਤਵਾਂ) ਇਹ ਦੋਵੇ ਭਜਨ ਕਰਨ।

# ਕਵਿਤਾ

ੳ- ਊੜਾ ਉੱਠ ਸਵੇਰੇ ਜਾਗ।
ਅ- ਐੜਾ ਆਲਸ ਨੀਂਦ ਤਿਆਗ।
ੲ- ਈੜੀ ਕਰ ਇਸ਼ਨਾਨ ਪਿਆਰੇ।
ਸ- ਸੱਸਾ ਸਾਫ਼ ਦੰਦ ਕਰ ਸਾਰੇ।
ਹ- ਹਾਹਾ ਹੱਥ 'ਚ ਗੁਟਕਾ ਲੈ ਕੇ।
ਕ- ਕੱਕਾ ਕਰ ਲੈ ਪਾਠ ਤੂੰ ਬਹਿ ਕੇ।
ਖ- ਖੱਖਾ ਖੁਸ਼ੀ-ਖੁਸ਼ੀ ਪੜ੍ਹ ਬਾਣੀ।
ਗ- ਗੱਗਾ ਗਿਆਨਵਾਨ ਹੋ ਪ੍ਰਾਣੀ।
ਘ- ਘੱਘਾ ਘਰ ਵਿੱਚ ਹੀ ਨਾ ਬਹਿ ਜੀਂ।
ਙ- ਙੰਙਾ ਙੰਙੇ ਵਾਂਗ ਨਾ ਖਾਲੀ ਰਹਿ ਜੀਂ।
ਚ- ਚੱਚਾ ਚੱਲ ਤੂੰ ਗੁਰੂ ਦੁਆਰੇ।
ਛ- ਛੱਛਾ ਛੱਡ ਤੂੰ ਅਉਗਣ ਸਾਰੇ।
ਜ- ਜੱਜਾ ਜਗਤ ਗੁਰੂ ਨੂੰ ਵੇਖ।
ਝ- ਝੱਝਾ ਝੁਕ ਕੇ ਮੱਥਾ ਟੇਕ।
ਞ- ਞੰਞਾ ਞਾਣੀ ਞਾਣ ਪਿਆਰਾ।
ਟ- ਟੈਂਕਾ ਟੁੱਟੀ ਗੰਢਣ ਹਾਰਾ।
ਠ- ਠੱਠਾ ਠੋਕਰ ਨਾ ਤੂੰ ਖਾਵੀਂ।
ਡ- ਡੱਡਾ ਡੋਲ ਨਾ ਕਿਧਰੇ ਜਾਵੀਂ।
ਢ- ਢੱਢਾ ਢੱਕੇ ਪੜਦੇ ਤੇਰੇ।
ਣ- ਣਾਣਾ ਜਾਣੀ ਚਾਰ ਚੁਫੇਰੇ।
ਤ- ਤੱਤਾ ਤਿਆਗ ਤੂੰ ਮੇਰੀ ਮੇਰੀ।
ਥ- ਥੱਥਾ ਥੋੜੀ ਜ਼ਿੰਦਗੀ ਤੇਰੀ।
ਦ- ਦੱਦਾ ਦਿਲ ਨਾ ਕੋਈ ਦੁਖਾਵੀਂ।
ਧ- ਧੱਧਾ ਧਿਆਨ ਨਾਮ ਵਿੱਚ ਲਾਵੀਂ।
ਨ- ਨੰਨਾ ਨਿੰਦਿਆ ਚੁਗਲੀ ਛੱਡਦੇ।
ਪ- ਪੱਪਾ ਪਾਪ ਦਿਲੋਂ ਤੂੰ ਕੱਢਦੇ।
ਫ- ਫੱਫਾ ਫੇਰ ਨੀਂ ਏਥੇ ਆਉਣਾ।
ਬ- ਬੱਬਾ ਬਾਅਦ 'ਚ ਪਊ ਪਛਤਾਉਣਾ।
ਭ- ਭੱਭਾ ਭਲਾ ਤੂੰ ਸਭ ਦਾ ਲੋੜੀਂ।
ਮ- ਮੰਮਾ ਮਾੜਾ ਕਦੇ ਨਾ ਸੋਚੀਂ।
ਯ- ਯੱਯਾ ਯਾਦ ਮੌਤ ਨੂੰ ਰੱਖੀਂ।
ਰ- ਰਾਰਾ ਰੱਬ ਵਸਾ ਲੈ ਅੱਖੀਂ।
ਲ- ਲੱਲਾ ਲੱਗ ਜਾ ਗੁਰਾਂ ਦੇ ਲੜ ਤੂੰ।
ਵ- ਵੱਵਾ ਵਿੱਦਿਆ ਰੱਜ ਕੇ ਪੜ੍ਹ ਤੂੰ।
ੜ- ੜਾੜਾ ੜਾੜ ਨਾ ਰੱਖੀਂ ਕੋਈ।
ਸਭ ਦੇ ਅੰਦਰ ਸੱਚਾ ਸੋਈ।

# ਸਰਵਨ ਕੁਮਾਰ

ਸਰਵਨ ਕੁਮਾਰ ਆਪਣੇ ਮਾਤਾ-ਪਿਤਾ ਦਾ ਇਕਲੌਤਾ ਬੇਟਾ ਸੀ। ਉਸਦੇ ਮਾਤਾ-ਪਿਤਾ ਬਜ਼ੁਰਗ ਅਤੇ ਅੰਨ੍ਹੇ ਸਨ। ਸਰਵਨ ਉਹਨਾਂ ਦੇ ਨਾਲ ਇੱਕ ਝੌਪੜੀ ਵਿੱਚ ਰਹਿੰਦਾ ਸੀ।

ਉਸਦੇ ਮਾਤਾ-ਪਿਤਾ ਹਮੇਸ਼ਾ ਪ੍ਰਭੂ ਭਗਤੀ ਵਿੱਚ ਲੀਨ ਰਹਿੰਦੇ ਸਨ। ਸਰਵਨ ਆਪਣੇ ਮਾਤਾ-ਪਿਤਾ ਨਾਲ ਬਹੁਤ ਖੁਸ਼ ਰਹਿੰਦਾ ਸੀ। ਦਿਨ ਰਾਤ ਉਹਨਾਂ ਦੀ ਸੇਵਾ ਕਰਦਾ ਸੀ ਅਤੇ ਬਹੁਤ ਹੀ ਆਗਿਆਕਾਰੀ ਸੀ।

ਇੱਕ ਰਾਤ ਨੂੰ ਜਦੋਂ ਸਰਵਨ ਦੀ ਅੱਖ ਖੁਲ੍ਹੀ ਤੇ ਉਸਨੇ ਦੇਖਿਆ ਕਿ ਉਸਦੇ ਮਾਤਾ ਪਿਤਾ ਆਪਸ ਵਿੱਚ ਗੱਲ-ਬਾਤ ਕਰ ਰਹੇ ਹਨ । ਮਾਤਾ ਜੀ ਕਹਿ ਰਹੇ ਸਨ ਕਿ ਮੈਂ ਤੀਰਥ ਯਾਤਰਾ ਜਾਣਾ ਚਾਹੁੰਦੀ ਹਾਂ। ਪਿਤਾ ਜੀ ਨੇ ਸੁਣ ਕੇ ਉੱਤਰ ਦਿੱਤਾ ਕਿ ਅਸੀਂ ਦੋਨੋਂ ਹੀ ਅੰਨ੍ਹੇ ਅਤੇ ਲੰਗੜੇ ਹਾਂ। ਸਾਡੇ ਦੋਹਾਂ ਦਾ ਇਹ ਸੁਪਨਾ ਪੂਰਾ ਨਹੀਂ ਹੋ ਸਕਦਾ। ਮਾਤਾ ਜੀ ਕਹਿਣ ਲੱਗੇ ਕਿ ਇਸਦੇ ਪਿੱਛੇ ਵੀ ਪ੍ਰਭੂ ਦੀ ਕੋਈ ਇੱਛਾ ਹੋਵੇਗੀ। ਸਾਨੂੰ ਉਦਾਸ ਨਹੀਂ ਹੋਣਾ ਚਾਹੀਦਾ ਕਿਉਂਕਿ ਉਸ ਪ੍ਰਮਾਤਮਾ ਨੇ ਸਾਨੂੰ ਇੱਕ ਬਹੁਤ ਹੀ ਆਗਿਆਕਾਰੀ, ਸਿਆਣਾ ਅਤੇ ਸੇਵਾ ਕਰਨ ਵਾਲਾ ਪੁੱਤਰ ਦਿੱਤਾ ਹੈ। ਇਹ ਸਭ ਗੱਲਾਂ ਸੁਣ ਕੇ ਸਰਵਨ ਮਨ ਹੀ ਮਨ ਵਿਚਾਰ ਕਰਦਾ ਹੈ ਕਿ ਮੈਂ ਕਿਸ ਤਰ੍ਹਾਂ ਆਪਣੇ ਮਾਤਾ-ਪਿਤਾ ਨੂੰ ਤੀਰਥ ਯਾਤਰਾ 'ਤੇ ਲੈ ਕੇ ਜਾ ਸਕਦਾ ਹਾਂ।

ਸਰਵਨ ਬਹੁਤ ਹੀ ਮਿਹਨਤੀ ਅਤੇ ਸਮਝਦਾਰ ਸੀ। ਉਸਨੇ ਬਾਂਸ ਦਾ ਮਜ਼ਬੂਤ ਡੰਡਾ, ਦੋ ਟੋਕਰੀਆਂ ਅਤੇ ਰੱਸੀ ਨਾਲ ਉਸਨੂੰ ਬੰਨ ਕੇ ਇੱਕ ਵਹਿੰਗੀ ਬਣਾ ਲਈ। ਉਸਨੇ ਆਪਣੇ ਮਾਤਾ ਪਿਤਾ ਨੂੰ ਟੋਕਰੀਆਂ ਵਿੱਚ ਬਿਠਾ ਕੇ ਈਸ਼ਵਰ ਨੂੰ ਯਾਦ ਕੀਤਾ ਅਤੇ ਆਪਣੀ ਯਾਤਰਾ ਆਰੰਭ ਕਰ ਲਈ।

ਉਸਨੇ ਰਸਤੇ, ਖੇਤ, ਜੰਗਲ, ਪਹਾੜ ਖਾਈਆਂ ਅਤੇ ਨਦੀਆਂ ਸਭ ਬੜੇ ਪ੍ਰੇਮ ਨਾਲ ਪਾਰ ਕੀਤੇ। ਗੰਗਾ ਅਤੇ ਯਮੁਨਾ ਪਵਿੱਤਰ ਨਦੀਆਂ ਵੀ ਪਾਰ ਕੀਤੀਆਂ। ਭਿੰਨ-ਭਿੰਨ ਦੇਵੀ-ਦੇਵਤਿਆਂ ਦੇ ਮੰਦਰਾਂ ਵਿੱਚ ਲੈ ਕੇ ਗਿਆ ਅਤੇ ਦਰਸ਼ਨ ਕੀਤੇ। ਪਵਿੱਤਰ ਨਦੀਆਂ ਵਿੱਚ ਵੀ ਇਸ਼ਨਾਨ ਕਰਵਾਇਆ ਅਤੇ ਬੜੇ ਪਿਆਰ ਨਾਲ ਉਹਨਾਂ ਦੀ ਸੇਵਾ ਕਰਦਾ ਰਿਹਾ। ਉਸ ਲਈ ਉਸਦੇ ਮਾਤਾ-ਪਿਤਾ ਭਗਵਾਨ ਦੇ ਬਰਾਬਰ ਸਨ ਅਤੇ ਉਸਦੇ ਮਾਤਾ-ਪਿਤਾ ਸਰਵਨ ਨੂੰ ਆਪਣੇ ਪੁੱਤਰ ਦੇ ਰੂਪ ਵਿੱਚ ਵੇਖ ਕੇ ਬਹੁਤ ਖੁਸ਼ ਸਨ। ਸਰਵਨ ਆਪਣੇ ਮਾਤਾ-ਪਿਤਾ ਨੂੰ ਖੁਸ਼ ਦੇਖ ਕੇ ਬਹੁਤ ਹੀ ਪ੍ਰਸੰਨ ਹੁੰਦਾ।

ਰਸਤੇ ਵਿੱਚ ਕੋਈ ਸਾਫ਼-ਸੁਥਰੀ ਜਗ੍ਹਾ 'ਤੇ ਵਹਿੰਗੀ ਰੱਖ ਖਾਣ-ਪੀਣ ਦਾ ਪ੍ਰਬੰਧ ਕਰਦਾ ਅਤੇ ਉਹਨਾਂ ਨੂੰ ਆਰਾਮ ਕਰਨ ਲਈ ਕਹਿੰਦਾ। ਪੂਰੇ ਉਤਸ਼ਾਹ ਅਤੇ ਸੇਵਾ ਭਾਵਨਾ ਨਾਲ ਉਸਨੇ ਆਪਣੀ ਯਾਤਰਾ ਪੂਰੀ

ਕੀਤੀ। ਸਰਵਨ ਦੇ ਮਾਤਾ-ਪਿਤਾ ਦੀ ਖੁਸ਼ੀ ਦਾ ਤੇ ਠਿਕਾਨਾ ਹੀ ਨਹੀਂ ਸੀ, ਉਹ ਦਿਲ ਤੋਂ ਉਸ ਅਕਾਲਪੁਰਖ ਦਾ ਧੰਨਵਾਦ ਕਰਦੇ ਰਹਿੰਦੇ। ਜਿਸ ਦੀ ਕਿਰਪਾ ਸਦਕਾ ਉਹਨਾਂ ਨੂੰ ਸਰਵਨ ਵਰਗੇ, ਆਗਿਆਕਾਰੀ ਸੇਵਾਭਾਵੀ ਅਤੇ ਸਤਿਕਾਰੀ ਪੁੱਤਰ ਦੀ ਦਾਤ ਦਿੱਤੀ।

ਉਹਨਾਂ ਨੇ ਆਪਣੇ ਪੁੱਤਰ ਨੂੰ ਬਹੁਤ ਆਸ਼ੀਰਵਾਦ ਦਿੱਤੇ ਜਿੰਨੇ ਇਕ ਬਹੁਤ ਹੀ ਅਸੰਭਵ ਕੰਮ ਨੂੰ ਬੜੀ ਸਰਲਤਾ ਅਤੇ ਪਿਆਰ ਨਾਲ ਪੂਰਾ ਕੀਤਾ। ਆਪਣੇ ਬੁੱਢੇ ਅਤੇ ਲਗੜੇ ਮਾਤਾ-ਪਿਤਾ ਨੂੰ ਸਾਰੇ ਤੀਰਥ ਸਥਲਾਂ ਦੀ ਯਾਤਰਾ ਕਰਵਾਈ।

## ਪ੍ਰਸ਼ਨ

1. ਸਰਵਨ ਕੁਮਾਰ ਦੇ ਮਾਤਾ-ਪਿਤਾ ਦਾ ਸੁਭਾਅ ਕਿਵੇਂ ਦਾ ਸਨ ?

2. ਸਰਵਨ ਦੇ ਮਾਤਾ-ਪਿਤਾ ਆਪਸ ਵਿੱਚ ਕੀ ਗੱਲਬਾਤ ਕਰ ਰਹੇ ਸਨ ?

3. ਸਰਵਨ ਨੇ ਵਹਿੰਗੀ ਕਿਵੇਂ ਤਿਆਰ ਕੀਤੀ ?

4. ਸਰਵਨ ਦੇ ਸਫ਼ਰ ਦੌਰਾਨ ਰਸਤੇ ਵਿੱਚ ਕਿਹੜੀਆਂ-2 ਥਾਵਾਂ ਆਈਆਂ ?

5. ਸਰਵਨ ਕਿਵੇਂ ਦਾ ਪੁੱਤਰ ਸੀ ?

6. ਸਰਵਨ ਨੇ ਮਾਤਾ-ਪਿਤਾ ਦੀ ਸੇਵਾ ਕਿਵੇਂ ਕੀਤੀ ?

# ਪ੍ਰੇਮਾ ਕੋੜ੍ਹੀ

ਪਿੰਡ ਖਾਰੀ ਜ਼ਿਲ੍ਹਾ ਲਾਹੌਰ ਦਾ ਰਹਿਣ ਵਾਲਾ ਇਕ ਪ੍ਰੇਮਾ ਨਾਂ ਦਾ ਅਨਾਥ ਬੱਚਾ ਸੀ। ਅਨਾਥ ਹੋਣ ਕਰਕੇ ਭੈੜੀ ਸੰਗਤ ਵਿਚ ਪੈ ਗਿਆ। ਉਸ ਨੇ ਕਈ ਪ੍ਰਕਾਰ ਦੇ ਅਯੋਗ ਕੰਮ ਕੀਤੇ ਤੇ ਉਸ ਨੂੰ ਕੋੜ੍ਹ ਹੋ ਗਿਆ। ਕੋੜ੍ਹ ਹੋਣ ਕਰਕੇ ਉਸ ਦੇ ਯਾਰਾਂ, ਦੋਸਤਾਂ ਨੇ ਉਸ ਨੂੰ ਛੇਕ ਦਿੱਤਾ। ਵਿਚਾਰਾ ਭੁੱਖਾ ਮਰਨ ਲੱਗਾ। ਉਸਨੂੰ ਛੂਹਣ ਤੋਂ ਵੀ ਹਰ ਕੋਈ ਡਰਦਾ ਸੀ। ਇਸ ਲਈ ਜੇ ਕਿਸੇ ਨੂੰ ਤਰਸ ਵੀ ਆਉਂਦਾ ਤਾਂ ਰੋਟੀ ਦੂਰੋਂ ਹੀ ਸੁੱਟ ਜਾਂਦਾ। ਇਕ ਵਾਰ ਇਕ ਸਖੀ ਦਿਲ ਵਿਅਕਤੀ ਨੂੰ ਉਸ ਤੇ ਦਇਆ ਆਈ ਅਤੇ ਉਸ ਨੇ ਉਹਦੇ ਗਲ ਵਿਚ ਇਕ ਮਿੱਟੀ ਦੀ ਟਿੰਡ ਲਟਕਾ ਦਿੱਤੀ। ਹੁਣ ਲੋਕ ਉਸਦੀ ਟਿੰਡ ਵਿਚ ਰੋਟੀ ਪਾ ਦਿੰਦੇ। ਇਸ ਤਰ੍ਹਾਂ ਸਮਾਂ ਬਤੀਤ ਹੁੰਦਾ ਗਿਆ। ਇਕ ਦਿਨ ਉਸ ਨੇ ਗੁਰੂ ਅਮਰਦਾਸ ਜੀ ਦੀ ਮਹਿਮਾ ਸੁਣੀ ਤਾਂ ਉਹ ਬੜੀ ਮੁਸ਼ਕਲ ਨਾਲ ਤੁਰਦਾ ਹੋਇਆ ਗੋਇੰਦਵਾਲ ਪੁੱਜਾ। ਉਥੇ ਉਸ ਨੂੰ ਸਮੇਂ ਸਿਰ ਲੰਗਰ ਵਿਚੋਂ ਪ੍ਰਸ਼ਾਦਾ ਮਿਲਦਾ ਅਤੇ ਕੀਰਤਨ ਵੀ ਸੁਣਦਾ ਰਹਿੰਦਾ। ਫਿਰ ਦਿਨ ਵੇਲੇ ਬਾਉਲੀ ਸਾਹਿਬ ਦੇ ਪਾਸ ਜਾ ਕੇ ਬੈਠ ਜਾਂਦਾ ਅਤੇ ਟਿੰਡ ਵਜਾ ਕੇ ਪਾਠ ਕਰਦਾ ਰਹਿੰਦਾ। ਬਾਉਲੀ ਦੇ ਦਰਸ਼ਨਾਂ ਨੂੰ ਆਈ ਸੰਗਤ ਦੇ ਪੈਰਾਂ ਦੀ ਧੂੜ ਮੱਥੇ ਨਾਲ ਲਾਉਂਦਾ ਅਤੇ ਉਸ ਨੂੰ ਹੀ ਜ਼ਖ਼ਮਾਂ 'ਤੇ ਵੀ ਲਾਉਂਦਾ।

ਇਕ ਦਿਨ ਇਕ ਸਿੱਖ ਨੇ ਗੁਰੂ ਜੀ ਨੂੰ ਪ੍ਰੇਮੇ ਕੋੜ੍ਹੀ ਬਾਰੇ ਸਾਰੀ ਕਥਾ ਸੁਣਾਈ। ਗੁਰੂ ਜੀ ਨੇ ਉਸੇ ਵੇਲੇ ਇਕ ਸਿੱਖ ਨੂੰ ਭੇਜ ਕੇ ਪ੍ਰੇਮੇ ਕੋੜ੍ਹੀ ਨੂੰ ਉਥੇ ਬੁਲਾਇਆ, ਜਿਥੇ ਗੁਰੂ ਜੀ ਰੋਜ਼ ਆਪ ਇਸ਼ਨਾਨ ਕਰਿਆ ਕਰਦੇ ਸਨ। ਫੱਟੀ ਉੱਤੇ ਬਿਠਾ ਕੇ ਗੁਰੂ ਜੀ ਨੇ ਆਪਣੇ ਹੱਥੀਂ ਉਸ ਨੂੰ ਇਸ਼ਨਾਨ ਕਰਵਾਇਆ ਅਤੇ ਸੁੰਦਰ ਕੱਪੜੇ ਪਵਾਏ। ਪ੍ਰੇਮੇ ਦਾ ਕੋੜ੍ਹ ਜਾਂਦਾ ਰਿਹਾ ਅਤੇ ਉਹ ਇਕ ਤੰਦਰੁਸਤ ਸੁੰਦਰ, ਛਬੀਲਾ ਨੌਜਵਾਨ ਬਣ ਗਿਆ। ਸਾਰੇ ਉਸ ਦੇ ਨਵੇਂ ਰੂਪ ਨੂੰ ਵੇਖ ਵੇਖ ਖੁਸ਼ ਹੋ ਰਹੇ ਸਨ। ਗੁਰੂ ਜੀ ਨੇ ਕਿਹਾ, "ਇਹ ਪ੍ਰੇਮਾ ਅੱਜ ਤੋਂ ਮੇਰਾ ਮੁਰਾਰੀ ਪੁੱਤਰ ਹੈ। ਪ੍ਰੇਮਾ ਕਾਇਆ ਪਲਟ ਕੇ ਮੁਰਾਰੀ ਹੋਇਆ ਹੈ। ਹੁਣ ਇਸ ਵਿਚ ਕੋਈ ਐਬ ਨਹੀਂ ਅਤੇ ਨਾ ਹੀ ਕਿਸੇ ਪ੍ਰਕਾਰ ਦਾ ਕੋਈ ਰੋਗ ਹੈ।" ਗੁਰੂ ਜੀ ਨੇ ਸੰਗਤ ਨੂੰ ਸੁਣਾ ਕੇ ਕਿਹਾ ਕਿ "ਸੰਗਤ ਵਿਚ ਕੋਈ ਐਸਾ ਸਿੱਖ ਹੈ ਜੋ ਮੇਰੇ ਪੁੱਤਰ ਵਾਸਤੇ ਧੀ ਦਾ ਰਿਸ਼ਤਾ ਕਰੇ।" ਉਥੇ ਉਸ ਵੇਲੇ ਗੁਰੂ ਘਰ ਦਾ ਇਕ ਪੁਰਾਣਾ ਸਿੱਖ ਸ਼ੀਹਾਂ ਬੈਠਾ ਸੀ। ਉਸਨੇ ਉੱਠ ਕੇ ਕਿਹਾ, "ਮਹਾਰਾਜ ਮੈਨੂੰ ਆਪਣੀ ਧੀ ਮੱਥਰੋ ਵਾਸਤੇ ਮੁਰਾਰੀ ਦਾ ਰਿਸ਼ਤਾ ਪ੍ਰਵਾਨ ਹੈ।" ਜਦ ਸ਼ੀਹਾਂ ਇਹ ਕੁਝ ਕਹਿ ਹੀ ਰਿਹਾ ਸੀ ਤਾਂ ਸ਼ੀਹੇਂ ਦੀ ਘਰ ਵਾਲੀ ਜਿਹੜੀ ਉਸ ਸਮੇਂ ਲੰਗਰ ਵਿਚ ਪ੍ਰਸ਼ਾਦੇ ਪਕਾ ਰਹੀ ਸੀ ਉੱਠ ਕੇ ਗੁਰੂ ਜੀ ਦੇ ਸਾਹਮਣੇ ਆ ਹਾਜ਼ਰ ਹੋਈ। ਉਹ ਕਹਿਣ ਲੱਗੀ, "ਮਹਾਰਾਜ ਸ਼ੀਹੇਂ ਦਾ ਤਾਂ ਦਿਮਾਗ਼ ਟਿਕਾਣੇ ਨਹੀਂ, ਮੈਨੂੰ ਇਹ ਰਿਸ਼ਤਾ ਬਿਲਕੁਲ ਪ੍ਰਵਾਨ ਨਹੀਂ। ਕੀ ਪਤਾ ਇਹ ਮੁੰਡਾ ਕਿਸ

ਕੁੱਲ, ਕਿਸ ਜਾਤ, ਕਿਸ ਬਰਾਦਰੀ ਦਾ ਹੈ, ਮੈਂ ਆਪਣੀ ਧੀ ਦਾ ਜਨਮ ਭ੍ਰਿਸ਼ਟ ਕਰਨਾ ਹੈ?"
ਗੁਰੂ ਜੀ ਨੇ ਕਿਹਾ, "ਇਹ ਮੇਰਾ ਪੁੱਤਰ ਹੈ ਅਤੇ ਇਹ ਮੇਰੇ ਹੀ ਖਾਨਦਾਨ ਵਿਚੋਂ ਹੈ। ਇਹ ਮੱਥਰੋ ਮੁਰਾਰੀ ਦੀ ਜੋੜੀ ਧੁਰੋਂ ਹੀ ਲਿਖੀ ਆਈ ਹੈ, ਇਸ ਲਈ ਤੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਅਸੀਂ ਆਪਣੇ ਪੁੱਤਰ ਦਾ ਵਿਆਹ ਆਪ ਕਰਾਂਗੇ।"

ਸ਼ੀਹੇਂ ਦੀ ਘਰ ਵਾਲੀ ਨੂੰ ਸਮਝ ਪੈ ਗਈ। ਗੁਰੂ ਜੀ ਅੱਗੇ ਮੱਥਾ ਟੇਕ ਕੇ ਅਤੇ ਧੰਨ ਮਹਾਰਾਜ ਜਿਵੇਂ ਤੁਹਾਡੀ ਮਰਜ਼ੀ ਕਹਿਕੇ ਚਲੀ ਗਈ।

ਬਾਅਦ ਵਿਚ ਮੱਥਰੋ ਮੁਰਾਰੀ ਦਾ ਵਿਆਹ ਹੋ ਗਿਆ ਦੋਹਾਂ ਨੂੰ ਗੁਰੂ ਘਰ ਦਾ ਪ੍ਰਚਾਰਕ ਥਾਪਿਆ ਗਿਆ ਅਤੇ ਬਾਈ ਮੰਜੀਆਂ ਵਿੱਚੋਂ ਇਕ ਮੰਜੀ ਦੀ ਬਖਸ਼ਿਸ ਕੀਤੀ।

## ਪ੍ਰਸ਼ਨ

1. ਪ੍ਰੇਮਾ ਕੋੜ੍ਹੀ ਕਿਥੋਂ ਦਾ ਰਹਿਣ ਵਾਲਾ ਸੀ ਅਤੇ ਉਸਨੂੰ ਕੀ ਹੋਇਆ ਸੀ ?

2. ਸਖੀ ਦਿਲ ਵਿਅਕਤੀ ਨੇ ਪ੍ਰੇਮੇ ਦੀ ਮਦਦ ਕਿਵੇਂ ਕੀਤੀ ?

3. ਗੁਰੂ ਜੀ ਨੇ ਪ੍ਰੇਮੇ ਕੋੜ੍ਹੀ 'ਤੇ ਕਿਵੇਂ ਕਿਰਪਾ ਕੀਤੀ ?

4. ਜਦੋਂ ਸ਼ੀਹੇਂ ਸਿੱਖ ਦੀ ਪਤਨੀ ਨੇ ਰਿਸ਼ਤੇ ਵੱਲੋਂ ਨਾਂਹ ਕੀਤੀ ਤਾਂ ਗੁਰੂ ਜੀ ਨੇ ਅੱਗੋਂ ਕੀ ਕਿਹਾ ?

5. ਗੁਰੂ ਜੀ ਨੇ ਪ੍ਰੇਮੇ ਦਾ ਕੀ ਨਾਂ ਰੱਖਿਆ ?

6. 'ਮਥਰੋ-ਮੁਰਾਰੀ' ਦਾ ਵਿਆਹ ਕਰਕੇ ਗੁਰੂ ਜੀ ਨੇ ਉਹਨਾਂ 'ਤੇ ਕੀ ਕਿਰਪਾ ਕੀਤੀ ?

# ਸੱਚਾ ਸੌਦਾ

ਜਦ ਗੁਰੂ ਨਾਨਕ ਦੇਵ ਜੀ ਕੁਝ ਵੱਡੇ ਹੋਏ ਤਾਂ ਪਿਤਾ ਮਹਿਤਾ ਕਾਲੂ ਜੀ ਨੇ ਇਹ ਸੋਚਿਆ ਕਿ ਪੁੱਤਰ ਨੂੰ ਵਪਾਰ ਵਿਚ ਪਾਇਆ ਜਾਵੇ ਤਾਂ ਕਿ ਫਿਰਨ ਤੁਰਨ ਨਾਲ ਉਨ੍ਹਾਂ ਦਾ ਜੀਅ ਵੀ ਲੱਗਾ ਰਹੇ ਅਤੇ ਕੁਝ ਲਾਭ ਵੀ ਪ੍ਰਾਪਤ ਹੋਵੇ। ਇਸ ਕਾਰਜ ਵਾਸਤੇ ਉਨ੍ਹਾਂ ਗੁਰੂ ਜੀ ਨੂੰ ਵੀਹ ਰੁਪਏ ਦਿੱਤੇ ਅਤੇ ਕਿਹਾ, "ਪੁੱਤਰ! ਕੋਈ ਚੰਗਾ ਤੇ ਖਰਾ ਸੌਦਾ ਕਰੋ ਜਿਸ ਨਾਲ ਚੰਗਾ ਲਾਭ ਹੋਵੇ। ਮੈਂ ਤੇਰੇ ਨਾਲ ਭਾਈ ਬਾਲੇ ਨੂੰ ਭੇਜਦਾ ਹਾਂ, ਤੁਸੀਂ ਕੋਈ ਐਸਾ ਮਾਲ ਖਰੀਦ ਕੇ ਲਿਆਵੋ ਜਿਸ ਨੂੰ ਵੇਚ ਕੇ ਚੰਗਾ ਨਫਾ ਨਿਕਲ ਆਵੇ।"

ਗੁਰੂ ਨਾਨਕ ਨੇ ਪਿਤਾ ਜੀ ਦੀ ਗੱਲ ਨੂੰ ਮੰਨ ਲਿਆ ਅਤੇ ਵੀਹ ਰੁਪਏ ਲੈ ਕੇ ਇਕ ਲਾਗਲੇ ਸ਼ਹਿਰ ਚੂਹੜਕਾਣੇ ਵੱਲ ਚੱਲ ਪਏ। ਚੂਹੜਕਾਣੇ ਦੇ ਰਾਹ ਵਿਚ ਇਕ ਸੰਘਣੀ ਝੰਗੀ ਆਉਂਦੀ ਸੀ। ਜਦ ਗੁਰੂ ਜੀ ਉਥੋਂ ਲੰਘਣ ਲੱਗੇ ਤਾਂ ਉਨ੍ਹਾਂ ਓਥੇ ਇਕ ਸਾਧੂਆਂ ਦਾ ਡੇਰਾ ਵੇਖਿਆ। ਗੁਰੂ ਜੀ ਨੂੰ ਸਾਧੂਆਂ ਸੰਤਾਂ ਨਾਲ ਬਹੁਤ ਪਿਆਰ ਸੀ, ਇਸ ਲਈ ਕੁਝ ਗੱਲਬਾਤ ਕਰਨ ਲਈ ਉਹ ਓਥੇ ਹੀ ਰੁਕ ਗਏ। ਸਾਧੂਆਂ ਦੀਆਂ ਗੱਲਾਂ ਤੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਹ ਕਈ ਦਿਨਾਂ ਤੋਂ ਭੁੱਖੇ। ਗੁਰੂ ਜੀ ਨੂੰ ਉਨ੍ਹਾਂ ਉਤੇ ਬਹੁਤ ਤਰਸ ਆਇਆ ਅਤੇ ਉਨ੍ਹਾਂ ਝੱਟ ਪੱਕਾ ਇਰਾਦਾ ਬਣਾ ਲਿਆ ਕਿ ਇਨ੍ਹਾਂ ਸਾਧੂਆਂ ਦੀ ਸਹਾਇਤਾ ਕੀਤੀ ਜਾਵੇ। ਉਨ੍ਹਾਂ ਸੋਚਿਆ ਕਿ ਇਸ ਤੋਂ ਖਰਾ ਅਤੇ ਸੱਚਾ ਸੌਦਾ ਕੀ ਹੋ ਸਕਦਾ ਹੈ। ਭੁੱਖਿਆਂ ਨੰਗਿਆਂ ਦੀ ਸੇਵਾ ਕਰਨਾ ਸਭ ਤੋਂ ਉੱਤਮ ਸੌਦਾ ਹੈ। ਇਸ ਲਈ ਉਨ੍ਹਾਂ ਨੇ ਆਪਣੀ ਜੇਬ ਵਿਚੋਂ ਵੀਹ ਰੁਪਏ ਕੱਢ ਕੇ ਸਾਧੂਆਂ ਦੇ ਅੱਗੇ ਧਰ ਦਿੱਤੇ। ਪਰ ਸਾਧੂਆਂ ਨੇ ਚਾਂਦੀ ਨੂੰ ਹੱਥ ਲਾਉਣ ਤੋਂ ਨਾਂਹ ਕਰ ਦਿੱਤੀ। ਸਾਧੂਆਂ ਦੇ ਗੁਰੂ ਨੇ ਕਿਹਾ, "ਸਾਨੂੰ ਚਾਂਦੀ ਦੀ ਲੋੜ ਨਹੀਂ, ਤੁਸੀਂ ਹਾਲੇ ਛੋਟੀ ਉਮਰ ਦੇ ਹੋ, ਇਹ ਰਕਮ ਦੇ ਕੇ ਤੁਹਾਡੇ ਪਿਤਾ ਨੇ ਤੁਹਾਨੂੰ ਕੋਈ ਕੰਮ ਧੰਦਾ ਕਰਨ ਲਈ ਭੇਜਿਆ ਹੋਵੇਗਾ, ਅਸੀਂ ਤਪੱਸਿਆ ਕਰਦੇ ਹਾਂ ਅਤੇ ਕਈ ਦਿਨ ਭੁੱਖੇ ਰਹਿ ਸਕਦੇ ਹਾਂ। ਪਰਮਾਤਮਾ ਆਪੇ ਕੋਈ ਉਪਾਅ ਕਰ ਦਿੰਦਾ ਹੈ। ਪਰ ਗੁਰੂ ਜੀ ਦ੍ਰਿੜਤਾ ਨਾਲ ਬੋਲੇ ਕਿ ਮੈਨੂੰ ਇਹ ਰਕਮ ਕੋਈ ਖਰਾ ਸੌਦਾ ਕਰਨ ਵਾਸਤੇ ਦਿੱਤੀ ਗਈ ਹੈ, ਪਰ ਮੈਂ ਇਹ ਸਮਝਦਾ ਹਾਂ ਕਿ ਇਸ ਤੋ ਖਰਾ ਸੌਦਾ ਹੋਰ ਕਿਹੜਾ ਹੋ ਸਕਦਾ ਹੈ ਜਿਸ ਨਾਲ ਪ੍ਰਭੂ ਦੇ ਪਿਆਰਿਆਂ ਦੀ ਸੇਵਾ ਹੋ ਸਕੇ। ਇਸ ਲਈ ਤੁਸੀਂ ਇਹ ਰਕਮ ਰੱਖੋ ਅਤੇ ਅੰਨ ਪਾਣੀ ਲਿਆ ਕੇ ਛਕੋ। ਪਰ ਸਾਧੂਆਂ ਦੇ ਮੁਖੀ ਨੇ ਪੈਸੇ ਲੈਣ ਤੋਂ ਨਾਂਹ ਕਰ ਦਿੱਤੀ, ਪਰ ਗੁਰੂ ਜੀ ਦੇ ਅਟੱਲ ਵਿਸ਼ਵਾਸ ਤੋਂ ਪ੍ਰਭਾਵਿਤ ਹੋ ਕੇ ਉਸ ਕਿਹਾ, "ਜੇ ਤੁਸੀਂ ਠੀਕ ਹੀ ਸੇਵਾ ਕਰਨੀ ਚਾਹੁੰਦੇ ਹੋ ਤਾਂ ਸਾਨੂੰ ਅੰਨ ਪਾਣੀ ਲਿਆ ਕੇ ਛਕਾ ਦੇਵੋ, ਅਸੀਂ ਲੋਕ ਨਾ ਹੀ ਖਰੀਦੋ-ਫਰੋਖਤ ਵਿਚ ਪੈਂਦੇ ਹਾਂ ਅਤੇ ਨਾ ਹੀ ਰੁਪਏ ਪੱਲੇ ਨਾਲ ਬੰਨਦੇ ਹਾਂ।"

ਗੁਰੂ ਜੀ ਭਾਈ ਬਾਲੇ ਨੂੰ ਲੈ ਕੇ ਚੂਹੜਕਾਣੇ ਚਲੇ ਗਏ। ਓਥੋਂ ਉਨ੍ਹਾਂ ਨੇ ਰਾਸ਼ਨ ਅਤੇ ਕੱਪੜੇ ਖਰੀਦੇ। ਉਥੇ ਹੀ ਆਟਾ ਦੇ ਕੇ ਇਕ ਝੀਊਰੀ ਦੇ ਕੋਲੋਂ ਰੋਟੀਆਂ ਪਕਵਾ ਲਈਆਂ ਅਤੇ ਦਾਲ ਤਿਆਰ ਕਰਵਾ ਲਈ। ਇਕ ਗੱਡਾ ਉਨ੍ਹਾਂ ਕਿਰਾਏ 'ਤੇ ਲਿਆ ਅਤੇ ਉਸ ਉੱਤੇ ਬਾਕੀ ਦਾ ਰਾਸ਼ਨ, ਕੱਪੜਾ ਅਤੇ ਦਾਲ ਰੋਟੀ ਲੱਦ ਕੇ ਸਾਧੂਆਂ ਵਾਲੀ ਝੁਗੀ ਵਿਚ ਪਹੁੰਚ ਗਏ। ਉਨ੍ਹਾਂ ਸਾਧੂਆਂ ਨੂੰ ਦਾਲ ਰੋਟੀ ਆਪਣੇ ਹੱਥੀਂ ਖੁਆਇਆ ਅਤੇ ਪਹਿਨਣ ਵਾਸਤੇ ਉਨ੍ਹਾਂ ਨੂੰ ਕੱਪੜੇ ਦਿੱਤੇ। ਸਾਧੂ ਬਹੁਤ ਖੁਸ਼ ਹੋਏ ਅਤੇ ਉਨ੍ਹਾਂ ਨੇ ਗੁਰੂ ਜੀ ਨੂੰ ਬਹੁਤ ਅਸੀਸਾਂ ਦਿੱਤੀਆਂ। ਗੁਰੂ ਜੀ ਤੇ ਭਾਈ ਬਾਲਾ ਫਿਰ ਪਿੰਡ ਨੂੰ ਚੱਲ ਪਏ। ਪਿੰਡ ਲਾਗੇ ਪਹੁੰਚ ਕੇ ਭਾਈ ਬਾਲੇ ਨੂੰ ਉਨ੍ਹਾਂ ਪਿੰਡ ਭੇਜ ਦਿੱਤਾ ਅਤੇ ਆਪ ਸੰਘਣੇ ਦਰੱਖਤ ਹੇਠ ਛੁਪ ਕੇ ਬੈਠ ਗਏ।

ਜਦ ਪਿਤਾ ਮਹਿਤਾ ਕਾਲੂ ਜੀ ਨੂੰ ਇਸ ਸਭ ਕੁਝ ਬਾਰੇ ਪਤਾ ਲੱਗਾ ਤਾਂ ਉਹ ਬਹੁਤ ਕ੍ਰੋਧ ਵਿਚ ਆਏ ਅਤੇ ਗੁਰੂ ਜੀ ਨੂੰ ਲੱਭ ਕੇ ਉਨ੍ਹਾਂ ਬਹੁਤ ਝਿੜਕਿਆ ਪਰ ਗੁਰੂ ਜੀ ਚੁੱਪ ਰਹੇ।

**ਪ੍ਰਸ਼ਨ**

1. ਜਦੋਂ ਗੁਰੂ ਨਾਨਕ ਦੇਵ ਵੱਡੇ ਹੋਏ ਤਾਂ ਪਿਤਾ ਜੀ ਨੇ ਕੀ ਸੋਚਿਆ ?

2. ਪਿਤਾ ਮਹਿਤਾ ਕਾਲੂ ਜੀ ਨੇ 20 ਰੁਪਏ ਦੇ ਕੇ ਗੁਰੂ ਨਾਨਕ ਦੇਵ ਜੀ ਨੂੰ ਕੀ ਆਖਿਆ ?

3. ਜਿਨ੍ਹਾਂ ਸਾਧੂਆਂ ਨੂੰ ਗੁਰੂ ਜੀ ਭੋਜਨ ਛਕਾਇਆ, ਉਹ ਕਿਵੇਂ ਦੀ ਬਿਰਤੀ ਦੇ ਮਾਲਕ ਸਨ ?

4. ਗੁਰੂ ਨਾਨਕ ਦੇਵ ਜੀ ਦੀ ਨਜ਼ਰ ਵਿੱਚ 'ਸੱਚਾ ਸੌਦਾ' ਕੀ ਸੀ ?

5. ਸਾਧੂਆਂ ਦੇ ਮੁਖੀ ਨੇ ਪੈਸਿਆਂ ਤੋਂ ਨਾਂਹ ਕਰਕੇ ਦੀ ਆਖਿਆ ?

6. ਗੁਰੂ ਜੀ ਨੇ ਸਾਧੂਆਂ ਦੇ ਖਾਣੇ ਦਾ ਪ੍ਰਬੰਧ ਕਿਵੇਂ ਕੀਤਾ ?

7. ਪ੍ਰਸ਼ਾਦਾ ਛਕ ਕੇ ਸਾਧੂਆਂ ਕੀ ਕੀਤਾ ?

# ਸ਼ਹੀਦ ਵਰਿਆਮ ਸਿੰਘ

ਇਕ ਬਹੁਤ ਵੱਡਾ ਸ਼ਹੀਦੀ ਸਾਕਾ ਮਲੇਰ ਕੋਟਲੇ ਵਿੱਚ ਹੋਇਆ ਜਿਸ ਵਿੱਚ ਲੁਧਿਆਣੇ ਦੇ ਡਿਪਟੀ ਕਮੀਸ਼ਨਰ ਮਿਸਟਰ ਕਾਵਨ ਨੇ 66 ਸਿੱਖਾਂ ਨੂੰ ਤੋਪਾਂ ਨਾਲ ਬਿਨਾਂ ਮੁਕੱਦਮਾ ਚਲਾਏ ਉਡਾਉਣ ਦਾ ਹੁਕਮ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਨੇ ਕੂਕਾ ਲਹਿਰ 12 ਅਪ੍ਰੈਲ 1857 ਨੂੰ ਵੈਸਾਖੀ ਵਾਲੇ ਦਿਨ ਚਿੱਟਾ ਝੰਡਾ ਲਹਿਰਾ ਕੇ ਸ਼ੁਰੂ ਕੀਤੀ ਸੀ ਅਤੇ ਸਿੱਖਾਂ ਵਿੱਚ ਨਿਡਰਤਾ ਅਤੇ ਦੇਸ਼ ਭਗਤੀ ਦੀ ਲਹਿਰ ਫੂਕ ਦਿੱਤੀ ਸੀ। ਇਹਨਾਂ 66 ਸਿੱਖਾਂ ਵਿੱਚ ਇਕ ਵਰਿਆਮ ਸਿੰਘ ਵੀ ਸੀ ਜੋ ਕਿ ਬਹੁਤ ਛੋਟੇ ਕੱਦ ਦਾ ਸੀ। ਉਸਨੇ ਵੇਖਿਆ ਕਿ ਸਾਰੇ ਸਿੱਖ ਤੋਪਾਂ ਅੱਗੇ ਆ ਕੇ ਜੈਕਾਰਾ ਲਗਾ ਕੇ ਤੋਪਾਂ ਨਾਲ ਉੱਡੀ ਜਾ ਰਹੇ ਹਨ। ਉਹ ਆਪਣੀ ਵਾਰੀ ਦੀ ਉਡੀਕ ਕਰ ਰਿਹਾ ਸੀ।

ਜਦੋਂ ਉਸਦੀ ਵਾਰੀ ਆਈ ਤਾਂ ਉਹ ਤੋਪ ਅੱਗੇ ਆਣ ਕੇ ਖੜ੍ਹਾ ਹੋ ਗਿਆ। ਵਰਿਆਮ ਸਿੰਘ ਮਹਾਰਾਜਾ ਪਟਿਆਲੇ ਦਾ ਰਿਸ਼ਤੇਦਾਰ ਸੀ। ਏਨੇ ਨੂੰ ਵਰਿਆਮ ਸਿੰਘ ਨੂੰ ਛੱਡਣ ਵਾਸਤੇ ਮਹਾਰਾਜਾ ਪਟਿਆਲੇ ਦੀ ਸਿਫਾਰਿਸ਼ ਭਰੀ ਚਿੱਠੀ ਮਿਲੀ ਜਿਸ ਵਿੱਚ ਵਰਿਆਮ ਸਿੰਘ ਨੂੰ ਛੱਡਣ ਵਾਸਤੇ ਆਖਿਆ ਗਿਆ ਸੀ। ਮਿਸਟਰ ਕਾਵਨ ਨੇ ਵਰਿਆਮ ਸਿੰਘ ਨੂੰ ਛੱਡਣ ਦਾ ਬਹਾਨਾ ਇਹ ਬਨਾਇਆ ਕਿ ਤੇਰਾ ਕੱਦ ਤੋਪ ਦੇ ਮੇਚ ਨਹੀਂ ਆਉਂਦਾ। ਵਰਿਆਮ ਸਿੰਘ ਨੇ ਉਸ ਵੇਲੇ ਆਪਣੇ ਸਾਥੀਆਂ ਨਾਲ ਰਲਣ ਲਈ ਉਸਨੇ ਫਟਾ-ਫੱਟ ਆਸੇ ਪਾਸੇ ਤੋਂ ਢੇਮਾਂ ਕੱਠੀਆਂ ਕੀਤੀਆਂ ਅਤੇ ਇਕ ਥੜ੍ਹਾ ਜਿਹਾ ਬਣਾ ਕੇ ਉਸਤੇ ਖੜ੍ਹਾ ਹੋ ਗਿਆ ਤੇ ਜ਼ੋਰ ਨਾਲ ਕਹਿਣ ਲੱਗਾ ਹੁਣ ਮੇਰੀ ਛਾਤੀ ਤੋਪ ਦੇ ਬਰਾਬਰ ਆ ਰਹੀ ਹੈ। ਜਲਦੀ ਕਰੋ ਮੈ ਆਪਣੇ ਸਾਥੀਆਂ ਕੋਲ ਜਾਣਾ ਹੈ। ਜਲਦੀ ਕਰੋ, ਤੋਪ ਚਲਾਉ।

ਵਰਿਆਮ ਸਿੰਘ ਨੇ ਹੱਸਦਿਆ ਹੋਇਆ ਸ਼ਹੀਦੀ ਪ੍ਰਾਪਤ ਕੀਤੀ।

## ਪ੍ਰਸ਼ਨ:-

1. ਵੱਡਾ ਸ਼ਹੀਦੀ ਸਾਕਾ ਕਿੱਥੇ ਹੋਇਆ ?

2. ਇਸ ਸਾਕੇ ਵਿੱਚ ਕਿੰਨੇ ਸਿੰਘ ਸ਼ਹੀਦ ਹੋਏ ?

3. ਸਤਿਗੁਰੂ ਰਾਮ ਸਿੰਘ ਜੀ ਨੇ ਕੂਕਾ ਲਹਿਰ ਕਦੋਂ ਅਤੇ ਕਿਵੇਂ ਸ਼ੁਰੂ ਕੀਤੀ ?

4. ਵਰਿਆਮ ਸਿੰਘ ਦਾ ਕੱਦ ਕਿਹੋ ਜਿਹਾ ਸੀ ?

5. ਵਰਿਆਮ ਸਿੰਘ ਕਿਸਦਾ ਰਿਸ਼ਤੇਦਾਰ ਸੀ ?

6. ਵਰਿਆਮ ਸਿੰਘ ਦੀ ਵਾਰੀ ਆਈ ਤੇ ਕੀ ਹੋਇਆ ?

7. ਵਰਿਆਮ ਸਿੰਘ ਨੂੰ ਛੱਡਣ ਦੀ ਸਿਫਾਰਿਸ਼ ਕਿਸ ਨੇ ਕੀਤੀ ?

8. ਵਰਿਆਮ ਸਿੰਘ ਨੇ ਸਿਫਾਰਿਸ਼ ਪੱਤਰ ਦੀ ਪਰਵਾਹ ਕਿਉਂ ਨਾ ਕੀਤੀ ?

9. ਵਰਿਆਮ ਸਿੰਘ ਨੇ ਆਪਣੇ ਆਪ ਨੂੰ ਤੋਪ ਦੇ ਬਰਾਬਰ ਲਿਆਉਣ ਲਈ ਕੀ ਕੀਤਾ ?

10. ਥੜ੍ਹੇ ਤੇ ਖੜ੍ਹਾ ਹੋ ਕੇ ਵਰਿਆਮ ਸਿੰਘ ਨੇ ਕੀ ਆਖਿਆ ?

# ਸੰਤ ਮੀਹਾਂ ਸਿੰਘ ਦਾ ਲਕਵਾ

ਸੰਤ ਮੀਹਾਂ ਸਿੰਘ ਦੇ ਪਿਤਾ ਦਾ ਨਾਮ ਸ: ਸ਼ਾਮ ਸਿੰਘ ਸੀ। ਇਹ ਪਿੰਡ ਸਰਹਾਲੀ ਜ਼ਿਲ੍ਹਾ ਅੰਮ੍ਰਿਤਸਰ ਦੇ ਰਹਿਣ ਵਾਲੇ ਸੰਧੂ ਜੱਟ ਸਨ। ਆਪ ਤਿੰਨ ਵਾਰੀ ਸਮੁੰਦਰ ਪਾਰ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਕੇ ਆਏ ਸਨ। ਆਪ ਨੇ ਗੁਰਬਾਣੀ ਦੀ ਪੰਗਤੀ ਸਿੱਧ ਕਰਕੇ ਵਿਖਾਈ-

ਸਮੁੰਦ ਸਾਗਰ ਹੋਵੈ ਬਹੁ ਖਾਰਾ,
ਗੁਰ ਸਿੱਖ ਲੰਘਿ ਗੁਰੁ ਪੈ ਜਾਈ॥

ਸੰਤ ਮੀਹਾਂ ਸਿੰਘ ਨੂੰ ਲਕਵਾ ਹੋ ਗਿਆ ਬੜੀਆਂ ਦਵਾਈਆਂ ਕੀਤੀਆਂ ਪਰ ਕਿਤੋਂ ਆਰਾਮ ਨਾ ਆਇਆ। ਚਿਹਰਾ ਬੜਾ ਕੋਝਾ ਤੇ ਬਦਸੂਰਤ ਹੋ ਗਿਆ। ਮੂੰਹ ਬਿਲਕੁਲ ਵਿੰਗਾ ਹੋ ਗਿਆ। ਜਦ ਕੋਈ ਦਵਾ ਨੇ ਕਾਟ ਨਾ ਕੀਤੀ ਤਾਂ ਸ: ਸ਼ਾਮ ਸਿੰਘ ਜੀ ਆਤਸ਼ੀ ਸ਼ੀਸ਼ਾ ਲੈ ਕੇ ਆਏ। ਪਰ ਬੇਅਸਰ ਸਾਬਤ ਹੋਇਆ।

ਸੰਤ ਮੀਹਾਂ ਸਿੰਘ ਦੇ ਦਿਲ ਵਿੱਚ ਵਿਚਾਰ ਆਈ ਕਿ ਮੈਂ ਕਿਉਂ ਨਾ ਸਤਿਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿੱਚ ਬੇਨਤੀ ਕਰਾਂ। ਉਹ ਜ਼ਰੂਰ ਕ੍ਰਿਪਾ ਕਰਨਗੇ। ਆਪਣੇ ਪਿਤਾ ਸ਼ਾਮ ਸਿੰਘ ਜੀ ਨਾਲ ਭੈਣੀ ਸਾਹਿਬ ਪੁੱਜੇ। ਪਤਾ ਕੀਤਾ ਕਿ ਗੁਰੂ ਜੀ ਕਿੱਥੇ ਹਨ। ਗੁਰੂ ਜੀ ਲਾਟੋਂ ਦੀ ਢੱਕੀ ਵਿੱਚ ਬੈਠ ਕੇ ਨਿਰਮਲ ਜਲ ਦੇ ਕਿਨਾਰੇ ਭਜਨ ਕਰ ਰਹੇ ਹਨ। ਜਦ ਮੀਹਾਂ ਸਿੰਘ ਜੀ ਢੱਕੀ ਵੱਲ ਗਏ ਤਾਂ ਦੂਰੋਂ ਹੀ ਗੁਰੂ ਹਰੀ ਸਿੰਘ ਜੀ ਦੇ ਹਜ਼ੂਰੀ ਸਿੱਖ ਦਾਨ ਸਿੰਘ ਨੇ ਤੱਕਿਆ ਤੇ ਕਹਿਣ ਲੱਗਾ ਪਾਤਸ਼ਾਹ ਮੀਹਾਂ ਸਿੰਘ ਸਰਹਾਲੀ ਵਾਲੇ ਆ ਰਹੇ ਹਨ। ਪਰ ਮੂੰਹ ਵਿੰਗਾ ਹੈ। ਜਾਪਦਾ ਹੈ ਜਿਵੇਂ ਲਕਵੇ ਦਾ ਸ਼ਿਕਾਰ ਹੋ ਗਏ ਹਨ। ਜਦ ਸਤਿਗੁਰੂ ਜੀ ਦੀ ਕੋਲ ਆਇਆ ਤਾਂ ਦਾਨ ਸਿੰਘ ਨੇ ਕਿਹਾ "ਲਕਵੇ ਨੇ ਹਮਲਾ ਕੀਤਾ ਹੈ ?" ਸਤਿਗੁਰੂ ਹਰੀ ਸਿੰਘ ਜੀ ਪਹਿਲਾਂ ਪਲ ਕੁ ਚੁੱਪ ਰਹੇ ਤੇ ਫਿਰ ਕਹਿਣ ਲੱਗੇ, "ਮੀਹਾਂ ਸਿੰਘ ਦਾ ਮੂੰਹ ਤਾਂ ਠੀਕ ਹੈ, ਤੈਨੂੰ ਕਿਉਂ ਓਪਰਾ ਲੱਗਦਾ ਹੈ। ਮੀਹਾਂ ਸਿੰਘ ਦਾ ਮੂੰਹ ਪਹਿਲਾਂ ਵਰਗਾ ਸਿੱਧਾ, ਸੁਹਣਾ ਤੇ ਸੁਨੱਖਾ ਹੋ ਗਿਆ। ਜਦ ਸਤਿਗੁਰਾਂ ਨੂੰ ਮੱਥਾ ਟੇਕਿਆ ਤਾਂ ਗੁਰੂ ਜੀ ਨੇ ਗਲ ਨਾਲ ਲਾ ਕੇ ਆਖਿਆ, ਜਦ ਤੱਕ ਸਿੱਖ ਦਾ ਮੂੰਹ ਆਪਣੇ ਸਤਿਗੁਰਾਂ ਵੱਲ ਸਿੱਧਾ ਹੈ ਤਦ ਤਕ ਉਸ ਨੂੰ ਕੋਈ ਹੋਰ ਦੁੱਖ ਵਿੰਗਾ ਨਹੀਂ ਕਰ ਸਕਦਾ।

ਸੰਤਾ ਮੀਹਾਂ ਸਿੰਘ ਜੀ ਦਾ ਮੁੱਖ ਸਦਾ ਸਤਿਗੁਰੂ ਵੱਲ ਰਿਹਾ ਤੇ ਸਤਿਗੁਰੂ ਰਾਮ ਸਿੰਘ ਜਿੰਨੀ ਹੀ ਗੁਰੂ ਹਰੀ ਸਿੰਘ ਜੀ ਤੇ ਸ਼ਰਧਾ ਰੱਖੀ।

# ਪ੍ਰਸ਼ਨ

1. ਸੰਤ ਮੀਹਾਂ ਸਿੰਘ ਬਾਰੇ ਜਾਣਕਾਰੀ ਦਿਓ ?

2. ਸੰਤ ਮੀਹਾਂ ਸਿੰਘ ਦਾ ਲਕਵਾ ਹਟਾਉਣ ਲਈ ਸ. ਸ਼ਾਮ ਸਿੰਘ ਨੇ ਕੀ ਕੀਤਾ ?

3. ਸੰਤ ਮੀਹਾਂ ਸਿੰਘ ਦੇ ਦਿਲ 'ਚ ਕੀ ਵਿਚਾਰ ਆਈ ?

4. ਗੁਰੂ ਜੀ ਕਿੱਥੇ ਬੈਠ ਕੇ ਨਾਮ ਸਿਮਰਨ ਕਰ ਰਹੇ ਸਨ ?

5. ਗੁਰੂ ਜੀ ਦੇ ਹਜ਼ੂਰੀ ਸਿੱਖ ਦਾ ਨਾਮ ਦੱਸੋ ?

6. ਗੁਰੂ ਹਰੀ ਸਿੰਘ ਜੀ ਨੇ ਮੀਹਾਂ ਸਿੰਘ ਦਾ ਲਕਵਾ ਕਿਵੇਂ ਠੀਕ ਕੀਤਾ ?

# ਸ਼ਰਦਾਈ ਦਾ ਆਨੰਦ

ਤਖਤ ਹਜ਼ਾਰੇ ਦਾ ਇਕ ਅਰੋੜਾ ਸਿੱਖ ਸੀ। ਉਸ ਦਾ ਨਾਮ ਕੰਧਾਰਾ ਸਿੰਘ ਸੀ। ਉਹ ਸਤਿਗੁਰੂ ਹਰੀ ਸਿੰਘ ਜੀ ਦਾ ਹਜ਼ੂਰੀ ਸਿੱਖ ਸੀ ਅਤੇ ਉਹ ਗੁਰੂ ਜੀ ਨੂੰ ਹਰ ਰੋਜ਼ ਸ਼ਰਦਾਈ ਛਕਾਂਦਾ ਸੀ।

ਇਕ ਦਿਨ ਜਦ ਸੰਤ ਕੰਧਾਰਾ ਸਿੰਘ ਸ਼ਰਦਾਈ ਲੈ ਕੇ ਜਾ ਰਿਹਾ ਸੀ ਤੇ ਇਕ ਲੋੜਵੰਦ ਨੇ ਕਿਹਾ "ਮੈਨੂੰ ਬੜੀ ਪਿਆਸ ਲੱਗੀ ਹੋਈ ਹੈ।

ਸੰਤ ਜੀ! ਸ਼ਰਦਾਈ ਮੈਨੂੰ ਪਿਆ ਦਿਓ।"

ਕੰਧਾਰਾ ਸਿੰਘ ਨੇ ਸ਼ਰਦਾਈ ਉਸ ਨੂੰ ਪਿਆ ਦਿੱਤੀ।

ਇਸ ਤਰ੍ਹਾਂ ਸੱਤ ਵਾਰੀ ਲੋੜ ਵੰਦਾਂ ਨੂੰ ਸ਼ਰਦਾਈ ਪਿਆ ਦਿੱਤੀ। ਜਦ ਅੱਠਵੀਂ ਵਾਰੀ ਬੜੀ ਦੇਰ ਪਿੱਛੋਂ ਫਿਰ ਸ਼ਰਦਾਈ ਘੋਟ ਕੇ ਸਤਿਗੁਰੂ ਜੀ ਕੋਲ ਡਰਦਾ-ਡਰਦਾ ਗਿਆ ਤਾਂ ਸਤਿਗੁਰੂ ਜੀ ਸ਼ਰਦਾਈ ਛੱਕ ਕੇ ਕਹਿਣ ਲਗੇ

"ਕੰਧਾਰਾ ਸਿੰਘ, ਜਿਨ੍ਹਾਂ ਸ਼ਰਦਾਈ ਦਾ ਅਨੰਦ ਅੱਜ ਆਇਆ ਹੈ, ਇਤਨਾ ਅਨੰਦ ਪਹਿਲਾਂ ਨਹੀਂ ਆਇਆ। ਸਿੱਖ ਦਾ ਮੂੰਹ ਗੁਰੂ ਕਾ ਮੁੱਖ ਹੈ।

ਇਸੇ ਤਰ੍ਹਾਂ ਕੱਟੂ ਗੁਰੂ ਹਰਿ ਗੋਬਿੰਦ ਸਾਹਿਬ ਦਾ ਸਿੱਖ ਸੀ ਕਸ਼ਮੀਰ ਦੇ ਸਿੱਖ ਸ਼ਹਿਦ ਦਾ ਕੁੱਜਾ ਗੁਰੂ ਜੀ ਲਈ ਲਿਆ ਰਹੇ ਸਨ। ਭਾਈ ਕੱਟੂ ਨੇ ਸੰਗਤ ਨੂੰ ਕਿਹਾ ਕਿ ਸ਼ਹਿਦ ਮੈਨੂੰ ਦੇਵੋ, ਪਰ ਕਿਸੇ ਪਰਵਾਹ ਨਾ ਕੀਤੀ। ਉਸ ਸ਼ਹਿਦ ਵਿੱਚ ਕੀੜੇ ਪੈ ਗਏ।

ਗੁਰੂ ਜੀ ਨੇ ਕਿਹਾ ਕਿ ਜੇਕਰ ਤੁਸੀਂ ਉਸ ਭਾਈ ਕੱਟੂ ਨੂੰ ਸ਼ਹਿਦ ਦਿੰਦੇ ਤਾਂ ਕੀੜੇ ਨਹੀਂ ਸਨ ਪੈਣੇ। ਇਸ ਲਈ ਸਿੱਖ ਦਾ ਖਾਧਾ ਸਤਿਗੁਰੂ ਦੇ ਮੂੰਹ ਵਿੱਚ ਜਾਂਦਾ ਹੈ।"

ਸਤਿਗੁਰੂ ਜੀ ਨੇ ਸਿੱਖਾਂ ਦੀ ਸੇਵਾ ਕਰਨ ਕਰਕੇ ਭਾਈ ਕੰਧਾਰਾ ਸਿੰਘ ਨੂੰ ਖੁਸ਼ੀਆਂ ਬਖਸ਼ੀਆਂ।

**ਪ੍ਰਸ਼ਨ**

1. ਕੰਧਾਰਾ ਸਿੰਘ ਕੌਣ ਸੀ ?

2. ਕੰਧਾਰਾ ਸਿੰਘ ਨੇ ਲੋੜਵੰਦ ਦੀ ਮਦਦ ਕਿਵੇਂ ਕੀਤੀ ?

3. ਕੰਧਾਰਾ ਸਿੰਘ ਨੇ ਕਿੰਨੀ ਵਾਰੀ ਲੋੜਵੰਦਾਂ ਨੂੰ ਸ਼ਰਦਾਈ ਪਿਆਈ ?

4. ਗੁਰੂ ਜੀ ਨੇ ਸ਼ਰਦਾਈ ਛਕ ਕੀ ਬਚਨ ਕੀਤਾ ?

5. ਗੁਰੂ ਹਰੀ ਸਿੰਘ ਜੀ ਨੇ ਕੰਧਾਰਾ ਸਿੰਘ ਨੂੰ ਕਿਹੜੇ ਸਿੱਖ ਦੀ ਕਿਹੜੀ ਸਾਖੀ ਸੁਣਾਈ ?

6. ਭਾਈ ਕੱਟੂ ਕਿਸ ਦਾ ਸਿੱਖ ਸੀ ?

7. ਭਾਈ ਕੱਟੂ ਦੀ ਸਾਖੀ ਸੰਖੇਪ ਵਿੱਚ ਲਿਖੋ।

## ਸ਼ਬਦ

ਰਾਮੁ ਜਪਉ ਜੀਅ ਐਸੇ ਐਸੇ ॥
ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥
ਦੀਨ ਦਇਆਲ ਭਰੋਸੇ ਤੇਰੇ ॥
ਸਭੁ ਪਰਵਾਰੁ ਚੜਾਇਆ ਬੇੜੇ ॥੧॥ ਰਹਾਉ ॥
ਜਾ ਤਿਸ ਭਾਵੈ ਤਾ ਹੁਕਮ ਮਨਾਵੈ ॥
ਇਸ ਬੇੜੇ ਕਉ ਪਾਰਿ ਲਘਾਵੈ ॥੨॥
ਗੁਰ ਪਰਸਾਦਿ ਐਸੀ ਬੁਧਿ ਸਮਾਨੀ ॥
ਚੂਕਿ ਗਈ ਫਿਰਿ ਆਵਨ ਜਾਨੀ ॥੩॥
ਕਹੁ ਕਬੀਰ ਭਜੁ ਸਾਰਿਗਪਾਨੀ ॥
ਉਰਵਾਰਿ ਪਾਰਿ ਸਭ ਏਕੋ ਦਾਨੀ ॥੪॥

## ਅਰਥ

ਹੇ ਜੀਵ! ਤੂੰ ਪ੍ਰਭੂ ਦਾ ਇਸ ਤਰ੍ਹਾਂ ਸਿਮਰਨ ਕਰ, ਜਿਸ ਤਰ੍ਹਾਂ ਧ੍ਰੂ ਅਤੇ ਪ੍ਰਹਿਲਾਦ ਨੇ ਕੀਤਾ॥੧॥

ਹੇ ਦੀਨਾਂ ਉੱਤੇ ਦਇਆ ਕਰਨ ਵਾਲੇ ਪ੍ਰਭੂ! ਤੇਰੀ ਮਿਹਰ ਦੀ ਆਸ ਤੇ ਮੈਂ ਆਪਣਾ ਸਾਰਾ ਪਰਿਵਾਰ ਤੇਰੇ ਨਾਮ ਦੇ ਜਹਾਜ ਤੇ ਚੜ੍ਹਾ ਦਿੱਤਾ ਹੈ॥੧॥ ਰਹਾਉ ॥

ਜਦੋਂ ਪ੍ਰਭੂ ਨੂੰ ਭਾਉਂਦਾ ਹੈ ਤਾਂ ਉਹ ਜੀਵ ਤੋਂ ਆਪਣਾ ਹੁਕਮ ਮਨਾਉਂਦਾ ਹੈ ਅਤੇ ਉਹੀ ਜਹਾਜ ਨੂੰ ਪਾਰ ਕਰਦਾ ਹੈ॥੨॥

ਸਤਿਗੁਰੂ ਦੀ ਕਿਰਪਾ ਨਾਲ ਜਿਸ ਮਨੁਖ ਦੇ ਅੰਦਰ ਐਸੀ ਸਮਝ ਪਰਗਟ ਹੋ ਜਾਂਦੀ ਹੈ, ਉਸਦਾ ਜੰਮਣ-ਮਰਨ ਮੁੱਕ ਜਾਂਦਾ ਹੈ ॥੩॥

ਕਬੀਰ ਜੀ ਕਹਿੰਦੇ ਹਨ ਕਿ ਹੇ ਜੀਵ! ਤੂੰ ਪ੍ਰਭੂ ਦਾ ਸਿਮਰਨ ਕਰ, ਲੋਕ-ਪਰਲੋਕ ਵਿੱਚ ਹਰ ਥਾਂ ਉਹ ਪ੍ਰਭੂ ਹੀ ਦੇਣਵਾਲਾ ਹੈ॥੪॥

# ਜੰਗਲ ਜਾਣ ਉਪਰੰਤ
# ਇਸ਼ਨਾਨ ਦੀ ਮਰਿਆਦਾ

ਜੰਗਲ ਜਾਣ ਉਪਰੰਤ ਸਰੀਰ ਅਪਵਿੱਤਰ ਹੋ ਜਾਂਦਾ ਹੈ। ਜੰਗਲ ਜਾਣ ਵੇਲੇ ਜਿਹੜੇ ਕੱਪੜੇ ਪਾਏ ਹੋਣ ਉਹ ਵੀ ਅਪਵਿੱਤਰ ਮੰਨੇ ਜਾਂਦੇ ਹਨ। ਜੰਗਲ ਜਾਣ ਉਪਰੰਤ ਹੱਥ ਰੇਤੇ ਨਾਲ ਮਾਂਜਣ ਦਾ ਹੁਕਮ ਹੈ ਜਿਸ ਨਾਲ ਪੱਵਿਤਰਤਾ ਕਾਇਮ ਕੀਤੀ ਜਾ ਸਕਦੀ ਹੈ। ਇਸ ਕਰਕੇ ਸਤਿਗੁਰੂ ਜੀ ਦਾ ਹੁਕਮ ਹੈ ਕਿ ਜੰਗਲ ਵਾਲੇ ਕੱਪੜੇ ਨ ਹੋਣ।

ਪਾਠ ਕਰਨ ਵੇਲੇ ਨਾਮ ਸਿਮਰਨ ਕਰਨ ਵੇਲੇ, ਪਰਸ਼ਾਦਾ ਛਕਣ ਵੇਲੇ, ਕੀਰਤਨ ਕਰਨ ਵੇਲੇ, ਕੋਈ ਵੀ ਪ੍ਰਚਾਰ ਕਰਨ ਵੇਲੇ ਜੰਗਲ ਵਾਲੇ ਕਪੜੇ ਪਾਉਣਾ ਵਰਜਿਤ ਹੈ, ਇਸ ਕਰਕੇ ਜਦੋਂ ਵੀ ਜੰਗਲ ਜਾਉ ਕਪੜੇ ਉਤਾਰ ਕੇ ਜਾਉ, ਇਸ਼ਨਾਨ ਕਰਕੇ ਆਪਣਾ ਸਰੀਰ ਪਵਿੱਤਰ ਕਰੋ ਫੇਰ ਕਪੜੇ ਪਾਉ।

# ਕੀਰਤਨ ਦੀ ਮਰਿਆਦਾ

ਆਦਿ ਸ੍ਰੀ ਗ੍ਰੰਥ ਸਾਹਿਬ ਵਿੱਚ ਸਤਿਗੁਰੂ ਜੀ ਦੀ ਰਚਿਤ ਬਾਣੀ ਤੋਂ ਇਲਾਵਾ ਸਾਧੂ ਸੰਤਾਂ ਦੀ ਬਾਣੀ ਵੀ ਸ਼ਾਮਿਲ ਹੈ। ਇਹ ਸਾਰੀ ਬਾਣੀ 31 ਰਾਗਾਂ ਵਿੱਚ ਦਰਜ ਹੈ। ਗੁਰੂ ਦੀ ਬਾਣੀ ਨੂੰ ਰਾਗਾਂ ਵਿੱਚ ਗਾਉਣ ਨੂੰ ਕੀਰਤਨ ਕਿਹਾ ਜਾਂਦਾ ਹੈ। ਸਾਰੇ ਗੁਰੂ ਸਾਹਿਬਾਨ ਨੇ ਕੀਰਤਨ ਨੂੰ ਪ੍ਰਮੁੱਖ ਰੱਖਿਆ ਅਤੇ ਸਿੱਖਾਂ ਨੂੰ ਇੱਕ ਅਦੁੱਤੀ ਦਾਤ ਦੇ ਕੇ ਨਿਵਾਜਿਆ ਜੋ ਸਾਨੂੰ ਉਸ ਪਰਮ ਪਿਤਾ ਪਰਮਾਤਮਾ ਦੇ ਚਰਨਾਂ ਨਾਲ ਜੋੜਦਾ ਹੈ।

ਕੀਰਤਨ ਕਰਨ ਸਮੇਂ ਹੇਠ ਲਿਖੀਆਂ ਮਰਿਆਦਾਵਾਂ ਦਾ ਧਿਆਨ ਰੱਖੋ-

1. ਸਤਿਗੁਰੂ ਜੀ ਨੂੰ ਹਾਜ਼ਿਰ ਜਾਣ ਕੇ ਅਰਦਾਸ ਕਰਕੇ ਕੀਰਤਨ ਆਰੰਭ ਕਰੋ।
2. ਸਿੱਖ ਮਰਿਆਦਾ ਅਨੁਸਾਰ ਡੰਡੌਤ ਬੰਦਨਾ ਪੜ ਕੇ ਕੀਰਤਨ ਕਰਨ ਦਾ ਨਿਯਮ ਹੈ।
3. ਹਮੇਸ਼ਾ ਸਣੇ ਕੇਸੀ ਇਸ਼ਨਾਨ ਕਰਕੇ ਕੀਰਤਨ ਕਰੋ।
4. ਕਪੜੇ ਜੰਗਲ ਵਾਲੇ ਨਾ ਹੋਣ।
5. ਸਿਰ ਢੱਕ ਕੇ ਕੀਰਤਨ ਕਰਨ ਦੀ ਮਰਿਆਦਾ ਹੈ।
6. ਲਗਾਂ ਮਾਤਰਾ ਦਾ ਧਿਆਨ ਰੱਖਕੇ ਸ਼ੁੱਧ ਅਤੇ ਸਪੱਸ਼ਟ ਬਾਣੀ ਗਾਇਨ ਕਰੋ।
7. ਬਾਣੀ ਦੇ ਅਰਥ ਨੂੰ ਸਮਝਦੇ ਹੋਏ ਢੁੱਕਵੇਂ ਪਰਮਾਨ ਦੇਉ।
8. ਜਿਹੜੇ ਰਾਗ ਵਿੱਚ ਗੁਰੂ ਜੀ ਨੇ ਬਾਣੀ ਰਚੀ, ਉਸੇ ਰਾਗ ਵਿੱਚ ਗਾਇਨ ਕਰੋ ਜਿਵੇਂ ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕਰਦੇ ਸਨ।
9. ਰਾਗਾਂ ਦੇ ਸਮਾਂ ਵੰਡ ਨੂੰ ਧਿਆਨ ਵਿੱਚ ਰੱਖ ਕੇ ਰਾਗ ਦਾ ਗਾਇਨ ਕਰੋ।

ਅੰਦਰੋਂ ਵੀ ਸੁੱਚੇ ਹੋਵੋ, ਬਾਹਰੋਂ ਵੀ
ਸੁੱਚੇ ਹੋਵੋ। ਜੇ ਤੁਸੀਂ ਅੰਦਰੋਂ
ਕਿਸੇ ਨੂੰ ਦੁਖੀ ਦੇਖਦੇ ਹੋ,
ਈਰਖਾ ਕਰਦੇ ਹੋ, ਤੁਹਾਡਾ
ਅੰਦਰ ਦੁਖੀ ਹੋ ਜਾਂਦਾ ਹੈ
ਤਾਂ ਵੀ ਤੁਸੀਂ ਜੂਠੇ ਹੋ ਜਾਂਦੇ ਹੋ,
ਧਿਆਨ ਦਿਓ।

ਹੁਕਮ- ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ